
ਪਰਵਾਸੀ ਪੰਜਾਬੀ ਸਾਹਿਤ ਨੂੰ ਸਮਰਪਿਤ

ਕੋਰੋਨਾ ਵਿਸ਼ੇਸ਼ ਅੰਕ

# ਪਰਵਾਸ




ਪਰਵਾਸੀ ਸਾਹਿਤ ਅਧਿਅਨ ਕੇਂਦਰ

ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ, ਲੁਧਿਆਣਾ

## ਨਜ਼ਮ

## ਗੁਰਪ੍ਰੀਤ ਸਿੰਘ ਚਾਹਲ



**1999 ਤੋਂ ਕੈਨੇਡਾ ਵੱਸਦਾ ਪੰਜਾਬੀ ਕਵੀ ਗੁਰਪ੍ਰੀਤ ਸਿੰਘ ਚਾਹਲ ਸੁਚੇਤ ਕਲਮਕਾਰ ਹੈ। ਉੱਚੀ ਦੌਦ (ਲੁਧਿਆਣਾ) ਦਾ ਜੰਮਪਲ ਚਾਹਲ 2003 ਤੋਂ ਕਵਿਤਾ ਵੱਲ ਵੱਡੇ ਵੀਰ ਹਰਵਿੰਦਰ ਸਿੰਘ ਚਾਹਲ ਦੀ ਪ੍ਰੇਰਨਾ ਨਾਲ ਤੁਰਿਆ ਸੀ। 'ਪੀੜਾਂ ਪਰਦੇਸ ਦੀਆਂ' ਕਾਵਿ ਪੁਸਤਕ 'ਚ ਉਸ ਦੀਆਂ ਲਿਖਤਾਂ ਸ਼ਾਮਿਲ ਹੋ ਚੁਕੀਆਂ ਹਨ। ਗੁਰਪ੍ਰੀਤ ਸਥਾਨਕ ਸਾਹਿਤ ਸਭਾ ਦਾ ਸਕੱਤਰ ਰਿਹਾ ਹੈ**

### ਐੱਨ. ਆਰ. ਆਈ. ਬੋਲ ਰਿਹਾ

ਮੈਂ ਇਕ ਐਨ. ਆਰ. ਆਈ. ਹਾਂ ਬੋਲ ਰਿਹਾ।
ਮੇਰੇ ਕੀਤੇ ਕੰਮਾਂ ਨੂੰ ਕਿਉਂ ਵਾਇਰਸ ਦੇ ਨਾਲ ਤੋਲ ਰਿਹਾ।
ਹਾਲੇ ਥੋੜੇ ਦਿਨ ਹੀ ਹੋਏ ਨੇ ਗੇੜਾ ਪਿੰਡ ਦਾ ਲਾ ਕੇ ਆਏ ਹਾਂ।
ਬੜੀ ਸ਼ਾਨੋ ਸ਼ੌਕਤ ਨਾਲ ਕਬੱਡੀ ਕੱਪ ਕਰਵਾ ਕੇ ਆਏ ਹਾਂ।
ਕਈਆਂ ਦੀ ਨਿਗ੍ਹਾ ਬਣਾਈ ਐ ਮੈਡੀਕਲ ਕੈਂਪ ਲਗਾਏ ਆ।
ਨਾਲ ਗ਼ਰੀਬਾਂ ਖੜ੍ਹਦੇ ਰਹੇ ਧੀਆਂ ਦੇ ਵਿਆਹ ਕਰਵਾਏ ਆ।
ਦੁੱਖ ਸੁੱਖ ਸਭ ਦਾ ਪੁੱਛਿਆ ਏ ਬੀਮਾਰਾਂ ਦੇ ਵੀ ਕੋਲ ਰਿਹਾ।
ਹੜ੍ਹ ਆਏ ਜਾਂ ਪਵੇ ਸੋਕਾ ਕਿਤੇ ਮੱਚਦੀ ਕਣਕ ਵੀ ਦੇਖੀ ਦੀ।
ਪੈਰ ਪਿੱਛੇ ਵੀ ਖਿੱਚਿਆ ਨਹੀਂ ਦਿਲ ਖੋਲ ਕੇ ਮਦਦ ਭੇਜੀ ਦੀ।
ਮੇਰੇ ਪਿੰਡ ਦੇ ਬੱਚੇ ਪੜ੍ਹ ਜਾਵਣ ਸਕੂਲਾਂ ਦੀ ਦਿੱਖ ਸੰਵਾਰੀ ਦੀ।
ਕਿਤੇ ਹੋਰ ਵਕੇਸ਼ਨ ਨਹੀਂ ਕਰਦੇ ਪੰਜਾਬ ਹੀ ਗੇੜੀ ਮਾਰੀ ਦੀ।
ਮੇਰੇ ਪੰਜਾਬ 'ਤੇ ਰੱਖੀ ਨਜ਼ਰ ਮਿਹਰ ਦੀ ਮਾਲਕ ਵਲੇ ਤੱਕਦੇ ਹਾਂ।
ਜੇ ਅਸੀਂ ਡਾਲਰ ਸੌ ਬਣਾਈਏ ਤਾਂ ਤੀਹ ਬਚਾ ਕੇ ਰੱਖਦੇ ਹਾਂ।
ਕੀ ਨਹੀਂ ਕੀਤਾ ਪਿੰਡਾਂ ਲਈ ਕੁਝ ਕੀਤੇ ਕੰਮ ਹੀ ਫੋਲ ਰਿਹਾ।
ਕੰਮ ਤੋਂ ਥੱਕ ਕੇ ਆਈਦਾ ਤੁਸੀ ਅੱਧੀ ਰਾਤ ਜਗਾ ਦਿੰਦੇ।
ਕੰਮ ਕੋਈ ਪਿੰਡ ਦਾ ਕਰਨਾ ਹੋਏ ਮਿੰਟ ਚ ਫ਼ੋਨ ਘੁੰਮਾ ਦਿੰਦੇ।
ਅਸੀਂ ਵੀ ਪਿੱਛੇ ਨਹੀਂ ਹਟੇ ਹਿੱਕਾਂ ਡਾਹ ਕੇ ਖੜ੍ਹਦੇ ਨਾਲੇ ਆ।
ਰੁੱਖੀ ਮਿੱਸੀ ਖਾ ਕੇ ਕੱਟ ਲਈਦੀ ਪਰ ਡਿੱਗਦੇ ਪੁੱਤ ਸੰਭਾਲ਼ੇ ਆ।
ਪਰੀਤ ਨਾ ਚਾਹੁੰਦਾ ਹੋਇਆ ਵੀ ਸ਼ਬਦਾਂ ਵਿੱਚ ਹੰਝੂ ਘੋਲ ਰਿਹਾ।
ਕੁਝ ਸਰਕਾਰੀ ਸ਼ਹਿ ਤੇ ਗੌਣ ਵਾਲ਼ਿਆਂ ਸਾਡੇ ਸਿਰ ਇਲਜ਼ਾਮ ਧਰੇ।
ਕਹਿੰਦੇ ਅਸੀਂ ਬੀਮਾਰੀ ਲਿਆਂਦੀ ਏ ਗੱਲਾਂ ਗੀਤਾਂ ਵਿੱਚ ਸ਼ਰੇਆਮ ਕਰੇ।
ਜਿਹੜੀ ਬੇਬੀ ਡੌਲ ਮੈਂ ਸੋਨੇ ਦੀ ਕੁਝ ਬੋਲੋ ਉਹਦੇ ਬਾਰੇ ਵੀ।
ਗੱਲ ਕਰੋ ਮੰਤਰੀਆਂ ਨਾਲ ਉਹਦੇ ਲੰਡਨ ਵਿੱਚ ਗੇੜੇ ਮਾਰੇ ਦੀ।
ਇਕ ਪਾਸਾ ਹੀ ਰੱਖਦੇ ਹੋ ਕਿਉ ਦੂਜਾ ਪੱਖ ਨੀ ਖੋਲ੍ਹ ਰਿਹਾ।
ਟਿੱਕ ਟੌਕ ਤੇ ਬਣੇ ਮਜ਼ਾਕ ਅਸੀਂ ਸਾਡੇ ਆਪਣੇ ਤਾਅਨੇ ਮਾਰ ਰਹੇ।
ਇਹ ਪੈਰ ਕੁਹਾੜੀ ਮਾਰ ਰਹੇ ਕੀ ਆਪਣਾ ਦੱਸ ਸੰਵਾਰ ਰਹੇ।
ਜਦ ਫੇਰ ਪੰਜਾਬ ਨੂੰ ਲੋੜ ਪੈਣੀ ਤੁਸੀ ਸਾਡੇ ਵੱਲ ਹੀ ਤੱਕਣਾ ਏ।
ਇਹ ਪੰਜਾਬ ਸਦਾ ਹੀ ਸਾਡਾ ਏ ਦਿਲ ਵਿੱਚ ਵਸਾ ਕੇ ਰੱਖਣਾ ਏ।
ਕਿੱਧਰ ਜਵਾਨੀ ਤੁਰ ਪਈ ਏ ਦਿਲ ਦੇਖ ਦੇਖ ਕੇ ਡੋਲ ਰਿਹਾ।
ਮੈਂ ਇਕ ਐਨ. ਆਰ. ਆਈ. ਹਾਂ ਬੋਲ ਰਿਹਾ।

**ਗੁਰਪ੍ਰੀਤ ਸਿੰਘ ਚਾਹਲ**
**ਮਿਸ਼ਨ, ਕੈਨੇਡਾ**
**+(604) 864-7107**

ਕੋਰੋਨਾ ਵਿਸ਼ੇਸ਼ ਅੰਕ

# ਪਰਵਾਸ

(ਪਰਵਾਸੀ ਪੰਜਾਬੀ ਸਾਹਿਤ ਨੂੰ ਸਮਰਪਿਤ)


**ਮੁੱਖ ਸੰਪਾਦਕ**
ਡਾ. ਸ. ਪ. ਸਿੰਘ

**ਮੁੱਖ ਪ੍ਰਬੰਧਕ**
ਪ੍ਰਿੰ. ਡਾ. ਅਰਵਿੰਦਰ ਸਿੰਘ
ਡਾ. ਭੁਪਿੰਦਰ ਸਿੰਘ

**ਵਿਸ਼ੇਸ਼ ਸੰਪਾਦਕ**
ਡਾ. ਤੇਜਿੰਦਰ ਕੌਰ
ਪ੍ਰੋ. ਸ਼ਰਨਜੀਤ ਕੌਰ

**ਸੰਪਾਦਕ**
ਡਾ. ਗੁਰਪ੍ਰੀਤ ਸਿੰਘ
ਡਾ. ਹਰਪ੍ਰੀਤ ਸਿੰਘ ਦੂਆ

**ਸਹਿਯੋਗੀ (ਭਾਰਤ)**
ਪ੍ਰੋ. ਗੁਰਭਜਨ ਸਿੰਘ ਗਿੱਲ
+919872631199
ਪ੍ਰੋ. ਮਨਜੀਤ ਸਿੰਘ ਛਾਬੜਾ
+91981510079
ਡਾ. ਅੰਮ੍ਰਿਤਪਾਲ ਕੌਰ
+918146565014
ਡਾ. ਲਖਵਿੰਦਰ ਸਿੰਘ ਜੌਹਲ
+919417194812
ਡਾ. ਹਰਚੰਦ ਸਿੰਘ ਬੇਦੀ
+91872867377
ਡਾ. ਮੁਨੀਸ਼ ਕੁਮਾਰ
+917837901025

**ਸਹਿਯੋਗੀ (ਵਿਦੇਸ਼)**
ਸੁੱਖੀ ਬਾਠ (ਪੰਜਾਬ ਭਵਨ ਕੈਨੇਡਾ)
+16045064426
ਪ੍ਰੋ. ਸਰਬਜੀਤ ਸਿੰਘ (ਕੈਨੇਡਾ)
+16047658417
ਸਰਬਜੀਤ ਸੋਹੀ (ਆਸਟਰੇਲੀਆ)
+61410584302
ਬਲਵਿੰਦਰ ਸਿੰਘ ਚਾਹਲ (ਯੂ. ਕੇ.)
+447491073808
ਕੁਲਵਿੰਦਰ ਸਿੰਘ (ਅਮਰੀਕਾ)
+19253130281
ਮੋਹਨ ਗਿੱਲ (ਕੈਨੇਡਾ)
+17789080914

ਟਾਇਪ ਸੈਟਿੰਗ: ਰਜਿੰਦਰ ਸਿੰਘ +919465642568



**ਪਰਵਾਸੀ ਸਾਹਿਤ ਅਧਿਅਨ ਕੇਂਦਰ**
**ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ, ਲੁਧਿਆਣਾ**
**parvasggn@gmail.com, +9187290-80250,+9195010-27522**

# ਇਸ ਅੰਕ ਵਿਚ


**ਸੰਪਾਦਕੀ:** ਡਾ. ਸ. ਪ. ਸਿੰਘ

## ਗਜ਼ਲਾਂ/ਨਜ਼ਮਾਂ

ਰਵਿੰਦਰ ਰਵੀ
ਜਸਤੇਜ ਸਿੱਧੂ
ਰਮਿੰਦਰ ਰੰਮੀ ਵਾਲੀਆ
ਦਲਜਿੰਦਰ ਰਹਿਲ
ਤਰਨਜੀਤ ਸਿੰਘ ਔਜਲਾ
ਨਕਸ਼ਦੀਪ ਪੰਜਕੋਹਾ
ਪਰਮਿੰਦਰ ਸੋਢੀ
ਉਂਕਾਰਪ੍ਰੀਤ
ਗੁਰਦੀਪ ਕਲਾਲਵਾਲਾ
ਰਵਿੰਦਰ ਕੌਰ
ਹਰਸ਼ਰਨ ਕੌਰ
ਕਰਮ ਲੁਧਿਆਣਵੀ
ਸੁਖਿੰਦਰ
ਗੁਰਦੀਸ਼ ਕੌਰ ਗਰੇਵਾਲ
ਹਰਵਿੰਦਰ ਰਿਆੜ
ਬਲਵਿੰਦਰ ਸਿੰਘ ਚਾਹਲ
ਰਮਿੰਦਰ ਕੋਰ ਖਿਆਲਾ ਨਾਗਰਾ
ਸਰਬਜੀਤ ਸੋਹੀ
ਜੱਸ ਔਲਖ
ਇਕਵਿੰਦਰ ਸਿੰਘ
ਚੰਦ ਸਿੰਘ ਸਦਿਉੜਾ
ਬੀਬੀ ਸੁਰਜੀਤ ਕੌਰ ਸੈਕਰਾਮੈਂਟੋ
ਨਿਰਮਲ ਸਿੰਘ ਕੰਧਾਲਵੀ

## ਹੋਰ ਕਵਿਤਾਵਾਂ

ਜਗਜੀਤ ਮੱਤਾ
ਸਾਧੂ ਸਿੰਘ ਝੱਜ
ਪ੍ਰੋ. ਬਲਦੇਵ ਸਿੰਘ ਭੋਲਾ

## ਸਰਗਮ ਰੇਡੀਓ ਟੋਰੰਟੋ ਦੁਆਰਾ ਪ੍ਰਸਾਰਿਤ ਕਵਿਤਾਵਾਂ

ਚਰਨਜੀਤ ਸਿੰਘ ਪੰਨੂ
ਕੁਲਵਿੰਦਰ ਖਹਿਰਾ
ਸੁੱਖ ਬਰਾੜ
ਕੁਲਵੀਰ ਡਾਨਸੀਵਾਲ
ਰਮਨ ਵਿਰਕ
ਕਵਿੰਦਰ ਚਾਂਦ
ਮੋਹਨ ਗਿੱਲ

## ਲੇਖ

ਪ੍ਰੋ. ਗੁਰਭਜਨ ਸਿੰਘ ਗਿੱਲ
ਬਲਵਿੰਦਰ ਸਿੰਘ ਚਾਹਲ
ਡਾ. ਪ੍ਰਿਥੀਪਾਲ ਸਿੰਘ ਸੋਹੀ
ਅਮਰਜੀਤ ਸਿੰਘ ਗਰੇਵਾਲ



**ਵਿੱਤੀ ਸਹਿਯੋਗ**

ਸੁੱਖੀ ਬਾਠ, ਪੰਜਾਬ ਭਵਨ ਸਰੀ, ਕੈਨੇਡਾ
ਸਾਹਿਤ ਸੁਰ ਸੰਗਮ ਸਭਾ, ਇਟਲੀ
ਇੰਡੋਜ਼ ਪੰਜਾਬੀ ਸਾਹਿਤ ਅਕਾਡਮੀ ਆਫ਼ ਆਸਟਰੇਲੀਆ
ਨਕਸ਼ਦੀਪ ਪੰਜਕੋਹਾ, ਅਮਰੀਕਾ

# ਸੰਪਾਦਕੀ

## ਪਰਵਾਸੀ ਭਾਈਚਾਰਾ ਤੇ ਕਰੋਨਾ



ਤ੍ਰੈ-ਮਾਸਿਕ ਪੱਤਰ 'ਪਰਵਾਸ' ਦੇ ਕਰੋਨਾ ਵਿਸ਼ੇਸ਼ ਅੰਕ ਦੀ ਪ੍ਰਕਾਸ਼ਨਾ ਦਾ ਮਨੋਰਥ ਵਿਸ਼ਵ ਭਰ ਵਿਚ ਫ਼ੈਲੀ ਮਹਾਂਮਾਰੀ ਕਰੋਨਾ ਨਾਲ ਸੰਬੰਧਤ ਜ਼ਿੰਮੇਵਾਰ ਪਰਵਾਸੀ ਪੰਜਾਬੀ ਲੇਖਕਾਂ ਦਾ ਹੁੰਗਾਰਾ ਹੈ। ਇਸ ਵਿਸ਼ੇਸ਼ ਅੰਕ ਦੀ ਪ੍ਰਕਾਸ਼ਨਾ ਪਿੱਛੇ ਮੂਲ ਭਾਵਨਾ ਪਰਵਾਸੀ ਭਾਈਚਾਰੇ ਦੀ ਆਪਣੀ ਮੂਲ ਧਰਤੀ ਨੂੰ ਜੁੜਣ ਦੇ ਅਹਿਸਾਸ ਦੀ ਨਿਸ਼ਾਨਦੇਹੀ ਹੈ ਅਤੇ ਗਲਤ ਅਨਸਰਾਂ ਦੁਆਰਾ ਪਰਵਾਸੀਆਂ ਬਾਰੇ ਫ਼ੈਲਾਏ ਜਾ ਰਹੇ ਕੂੜ ਪਰਚਾਰ ਦਾ ਟਾਕਰਾ ਕਰਨਾ ਤੇ ਇਸ ਪ੍ਰਤਿ ਸਥਿਤੀ ਸਪਸ਼ਟ ਕਰਨ ਦੀ ਮਹੱਤਤਾ ਦਰਸਾਉਣਾ ਵੀ ਹੈ। ਪਰਵਾਸੀ ਪੰਜਾਬੀਆਂ ਨੇ ਓਪਰੀਆਂ ਧਰਤੀਆਂ, ਜਿੰਨ੍ਹਾਂ ਨੂੰ ਉਨ੍ਹਾਂ ਨੇ ਪੂਰੀ ਸ਼ਿੱਦਤ ਤੇ ਸਮਰਪਣ ਨਾਲ ਅਪਣਾਇਆ ਹੋਇਆ ਹੈ, ਦੇ ਨਾਲ ਨਾਲ ਆਪਣੀ ਮਿੱਟੀ ਦੇ ਮੋਹ ਨੂੰ ਵੀ ਨਹੀਂ ਤਿਆਗਿਆ, ਸਗੋਂ ਉਹ ਮੂਲ ਧਰਤੀ ਦੇ ਦੁੱਖ ਸੁੱਖ ਦੇ ਭਾਈਵਾਲ ਵੀ ਹਨ। ਅੱਜ ਪੰਜਾਬ ਦੀ ਹਰ ਸਥਿਤੀ ਵਿੱਚ ਪਰਵਾਸੀ ਭਾਈਚਾਰਾ ਨਾਲ ਖੜ੍ਹਾ ਹੈ। ਇੱਥੇ ਵੀ ਵਿਸ਼ਵ ਦੇ ਵੱਖ ਵੱਖ ਦੇਸ਼ਾਂ ਵਿੱਚ ਦੇਸ਼ਾਂ ਦੇ ਅਦਬੀ ਸਫਾਰਤਖਾਨਿਆਂ ਵਾਂਗ ਹੀ ਪਰਵਾਸੀ ਵੀਰ ਆਪਣੀ ਸਮਰੱਥ ਭੂਮਿਕਾ ਨਿਭਾ ਰਹੇ ਹਨ ਜਿਸ ਦੀ ਸਪਸ਼ਟ ਮਿਸਾਲ ਖਾਲਸਾ ਏਡ ਵਾਲੇ ਰਵੀ ਸਿੰਘ, ਸਰਬੱਤ ਦਾ ਭਲਾ ਟਰੱਸਟ ਦੇ ਸੰਚਾਲਕ ਐੱਸ ਪੀ ਸਿੰਘ ਓਬਰਾਏ ਤੇ ਪੰਜਾਬ ਭਵਨ ਦੇ ਬਾਨੀ ਸੁੱਖੀ ਬਾਠ ਵਰਗੀਆਂ ਅਨੇਕਾਂ ਸ਼ਖ਼ਸੀਅਤਾਂ ਹਨ ਜਿਨ੍ਹਾਂ ਤੇ ਮਾਣ ਕੀਤਾ ਜਾ ਸਕਦਾ ਹੈ। ਕਰੋਨਾ ਵਰਗੀ ਨਾਮੁਰਾਦ ਬੀਮਾਰੀ ਸਮੇਂ ਵਿਦੇਸ਼ਾਂ ਤੋਂ ਆਏ ਪਰਵਾਸੀ ਪੰਜਾਬੀਆਂ ਸੰਬੰਧੀ ਗਲਤ ਪਰ ਸੋਚੀ ਸਮਝੀ ਸਾਜਿਸ਼ ਅਧੀਨ ਉਹਨਾਂ ਨੂੰ ਜ਼ਿੰਮੇਵਾਰ ਠਹਿਰਾਏ ਜਾਣ ਦੇ ਕੋਝੇ ਯਤਨ ਕੀਤੇ ਜਾ ਰਹੇ ਹਨ। ਇਹ ਨਿੰਦਣਯੋਗ ਵਰਤਾਰਾ ਤੇ ਵਤੀਰਾ ਹੈ। ਵਿਸ਼ਵ ਭਰ ਵਿੱਚ ਇਸ ਖ਼ਤਰਨਾਕ ਬੀਮਾਰੀ ਦੇ ਟਾਕਰੇ ਲਈ ਵੀ ਪਰਵਾਸੀ ਪੰਜਾਬੀ ਹਰ ਪੱਖੋਂ ਵੱਡਾ ਯੋਗਦਾਨ ਪਾ ਰਹੇ ਹਨ। ਪ੍ਰਵਾਸੀ ਪੰਜਾਬੀਆਂ ਵਿਰੁੱਧ ਕੀਤੇ ਜਾ ਰਹੇ ਦੁਸ਼ਟ ਪਰਚਾਰ ਤੇ ਕੋਝੇ ਯਤਨਾਂ ਦੀ ਅਦਾਰਾ ਪਰਵਾਸ ਮੁਕਤ ਕੰਠ ਨਿਖੇਧੀ ਕਰਦਾ ਹੈ।

**ਸ. ਪ. ਸਿੰਘ (ਡਾ.)**
**ਸਾਬਕਾ ਵਾਈਸ ਚਾਂਸਲਰ,**
**ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ**

# ਨਜ਼ਮਾਂ/ਗ਼ਜ਼ਲਾਂ

## ਨਜ਼ਮਾਂ

ਰਵਿੰਦਰ ਰਵੀ



ਰਵਿੰਦਰ ਰਵੀ ਕੈਨੇਡਾ ਵੱਸਦਾ ਪੰਜਾਬੀ ਦਾ ਪ੍ਰਸਿੱਧ ਲੇਖਕ ਹੈ। ਹੁਣ ਤੱਕ ਉਸਦੇ 21 ਕਾਵਿ-ਸੰਗ੍ਰਹਿ, 16 ਨਾਟਕ ਅਤੇ 9 ਕਹਾਣੀ ਸੰਗ੍ਰਹਿ ਪ੍ਰਕਾਸ਼ਿਤ ਹੋ ਚੁੱਕੇ ਹਨ। ਉਸ ਦੀਆਂ ਕਈ ਪੁਸਤਕਾਂ ਪਾਕਿਸਤਾਨ ਵਿਖੇ ਸ਼ਾਹਮੁਖੀ ਲਿਪੀ ਵਿੱਚ ਵੀ ਅਨੁਵਾਦਿਤ ਹੋ ਚੁੱਕੀਆਂ ਹਨ।

## ਕਰੋਨਾ ਨਾਟਕ: ਪ੍ਰਭਾਵ-ਸਕੇਪ

### ਇਕ

ਨਾਟਕ ਦੇ ਪਾਤਰਾਂ ਵਾਂਗ ਸਭ,
ਦੋ ਮੀਟਰ ਦੀ ਦੂਰੀ ਤੋਂ,
ਬੋਲਣ ਦੀ,
ਰੀਹਰਸਲ ਕਰ ਰਹੇ!
ਕੁਝ ਜਿਸਮ ਬਚ ਰਹੇ,,
ਬਹੁਤ ਰਿਸ਼ਤੇ ਮਰ ਰਹੇ!!!

### ਦੋ

ਵੇਸ਼ੀਆਵਾਂ ਦਾ ਧੰਦਾ ਮੰਦਾ,
ਦੂਰ... ਗਾਹਕ ਠਰ ਰਹੇ!

### ਤਿੰਨ

ਰਿਸ਼ਤਿਆਂ ਵਿੱਚ ਵੀ,
ਕਰੋਨਾ ਦੀ ਦੀਵਾਰ ਹੈ!
ਛੁਹ ਤੋਂ ਸੱਖਣਾ,
ਮਾਂ, ਬਾਪ, ਭੈਣ, ਭਾਈ,
ਅਸ਼ਕਾਂ ਦਾ ਪਿਆਰ ਹੈ!!!

### ਚਾਰ

ਸਭ ਦੇਸ਼,
ਮੌਤ, ਬੀਮਾਰਾਂ ਦੀ ਗਿਣਤੀ ਕਰ ਰਹੇ,
ਛੋਟੇ, ਵੱਡੇ, ਮਹਾਂ ਸ਼ਕਤੀ ਨਾ ਰਹੇ!!!

### ਪੰਜ

ਤਸਕਰ, ਡਾਕੂ ਅਤੇ ਨਸ਼ੇੜੀ,
ਸਭ ਨੂੰ ਚੜ੍ਹ ਗਈ,
ਪੁੱਠੀ ਗੇੜੀ!

### ਛੇ

ਮੀਡੀਆ ਨੂੰ ਵੀ,
ਕਰੋਨਾ ਦਾ ਬੁਖ਼ਾਰ ਹੈ!
ਸਿਆਸਤ, ਕਲਾ, ਮਨੋਰੰਜਨ,
ਹਰ ਕੋਈ ਬੀਮਾਰ ਹੈ!

### ਸੱਤ

ਜਦੋਂ ਸੋਚ ਬੀਮਾਰ ਹੋ ਜਾਏ, ਤਾਂ
ਕੁਝ ਵੀ ਰਾਜ਼ੀ ਨਹੀਂ ਰਹਿੰਦਾ!!!

ਰਵਿੰਦਰ ਰਵੀ
ਕੈਨੇਡਾ

## ਨਜ਼ਮ

## ਸੁਖਿੰਦਰ



ਸੁਖਿੰਦਰ ਕੈਨੇਡਾ ਵੱਸਦਾ ਪਰਵਾਸੀ ਪੰਜਾਬੀ ਸਾਹਿਤਕਾਰ ਹੈ। ਜਿਸਨੇ ਕਵਿਤਾ, ਆਲੋਚਨਾ ਵਾਰਤਕ, ਨਾਵਲਨਿਗਾਰੀ, ਸੰਪਾਦਨਾ ਅਤੇ ਵਿਗਿਆਨਕ ਸਾਹਿਤ ਦੀ ਰਚਨਾ ਨਾਲ ਪੰਜਾਬੀ ਸਾਹਿਤ ਨੂੰ ਅਮੀਰ ਕੀਤਾ ਹੈ। ਇਹਨਾਂ ਵੱਲੋਂ ਸੰਪਾਦਿਤ ਕੀਤਾ ਜਾ ਰਿਹਾ ਸਾਹਿਤਕ ਰਸਾਲਾ 'ਸੰਵਾਦ' ਅੱਜ ਪੰਜਾਬੀ ਸਾਹਿਤ ਜਗਤ ਵਿਚ ਆਪਣੀ ਅਲੱਗ ਪਛਾਣ ਰੱਖਦਾ ਹੈ

### ਨੱਬੇ ਹਜ਼ਾਰ ਪਰਵਾਸੀ

ਉਹ ਵੀ ਦਿਨ ਸਨ
ਜਦੋਂ ਕੋਈ ਪ੍ਰਵਾਸੀ ਆਪਣੇ ਵਤਨ
ਪਰਤਦਾ
ਉਹ, ਸੁਗਾਤਾਂ ਦੀ ਨੁਮਾਇਸ਼ ਲਗਾ
ਦਿੰਦਾ
ਗਵਾਂਢੀ, ਰਿਸ਼ਤੇਦਾਰ, ਮਿੱਤਰ, ਸਭ
ਪਿਆਰ ਭਰੀਆਂ, ਘੁੱਟ-ਘੁੱਟ
ਜੱਫੀਆਂ ਪਾਉਂਦੇ
ਕੈਮਰਿਆਂ ਦੀ ਕਲਿੱਕ-ਕਲਿੱਕ ਹੁੰਦੀ
ਵਿਸਕੀ, ਸੋਡੇ, ਸ਼ਰਬਤ ਦੇ ਭਰੇ
ਗਿਲਾਸ ਇੱਕ ਦੂਜੇ ਦੇ ਗਿਲਾਸ ਨਾਲ
ਖੜਕਦੇ
ਚਿਹਰਿਆਂ ਉੱਤੇ, ਰੇਸ਼ਮੀ
ਮੁਸਕਰਾਹਟਾਂ ਖਿਲਰਦੀਆਂ
ਬੁੱਲ੍ਹਾਂ ਉੱਤੇ, ਮਾਹੀਏ, ਟੱਪੇ, ਢੋਲੇ
ਦੀਆਂ
ਸੁਰਾਂ ਛਿੜਦੀਆਂ, ਤੰਦੂਰੀ ਮੁਰਗੇ,
ਮੱਛੀ, ਬੱਕਰੇ ਦੇ
ਮਾਸ ਦੀਆਂ ਦਾਹਵਤਾਂ ਹੁੰਦੀਆਂ, ਕੁਝ
ਮਨਚਲੇ
ਨੌਜਵਾਨ, ਆਪਣੇ ਘਰਾਂ ਅੱਗੇ ਖੜ੍ਹ
ਬੱਕਰੇ ਬੁਲਾਂਦੇ, ਮਿਰਜ਼ੇ ਦੀ ਸੱਦ
ਲਗਦੀ
ਹੀਰ ਦੀਆਂ ਕਲੀਆਂ ਦੀ ਹੇਕ
ਛੇੜਦੇ

ਉਹ ਵੀ ਦਿਨ ਸਨ
ਜਦੋਂ, ਲੋਕ ਘਰ ਆਏ
ਪ੍ਰਵਾਸੀ ਪ੍ਰਾਹੁਣੇ ਨੂੰ ਪੁੱਛਦੇ :
ਸੰਗ ਨ ਕਰੀਂ
ਕਿਸੇ ਚੀਜ਼ ਨੂੰ ਦਿਲ ਕਰੇ, ਤਾਂ
ਦੱਸ ਦੇਈਂ
ਪ੍ਰਵਾਸੀ ਪ੍ਰਾਹੁਣਾ ਵੀ, ਉਸੇ ਹੀ
ਚਾਅ 'ਚ ਆਖਦਾ:
ਲੈ, ਆਪਣਾ ਹੀ ਤਾਂ ਘਰ ਹੈ
ਮੈਂ ਕਾਹਨੂੰ ਸੰਗਣਾ ਹੈ

ਪਰ, ਸਮਿਆਂ ਦੀ ਚਾਲ ਦੇਖ
ਹੁਣ, ਰੇਡੀਓ, ਟੀਵੀ, ਅਖਬਾਰ,
ਦਿਨ ਰਾਤ
ਲੋਕਾਂ ਨੂੰ ਚੇਤੰਨ ਕਰ ਰਹੇ ਹਨ:
ਨੱਬੇ ਹਜ਼ਾਰ ਪ੍ਰਵਾਸੀਆਂ ਦੀ
ਹਕੂਮਤ ਨੂੰ ਤਲਾਸ਼ ਹੈ, ਕਿਸੀ ਨੂੰ
ਆਪਣੇ, ਆਂਢ-ਗੁਆਂਢ 'ਚ ਆਏ
ਕਿਸੀ ਪ੍ਰਵਾਸੀ ਬਾਰੇ ਪਤਾ ਹੋਵੇ, ਤਾਂ
ਹਕੂਮਤ ਨੂੰ ਇਸ ਦੀ ਫੌਰਨ ਖਬਰ
ਦੇਵੋ

ਪੁਲਿਸ, ਸਿਹਤ ਵਿਭਾਗ, ਖੁਫੀਆ
ਏਜੰਸੀਆਂ
ਘਰ, ਘਰ, ਗਲੀ, ਗਲੀ, ਪਿੰਡ,
ਪਿੰਡ, ਸ਼ਹਿਰ, ਸ਼ਹਿਰ
ਪ੍ਰਵਾਸੀਆਂ ਦੀ ਇੰਝ ਭਾਲ ਕਰਦੀਆਂ
ਹਨ, ਜਿਵੇਂ ਕਿਤੇ
ਪਾਂਅ ਪਏ ਕੁੱਤੇ ਸ਼ਹਿਰ ਵਿੱਚ ਆ
ਵੜੇ ਹੋਣ
ਚੋਰੀ-ਚੋਰੀ, ਜਿਨ੍ਹਾਂ ਤੋਂ
ਸ਼ਹਿਰ ਵਾਸੀਆਂ ਦੀਆਂ ਜਾਨਾਂ ਨੂੰ
ਭਾਰੀ ਖਤਰਾ ਹੋ ਗਿਆ ਹੋਵੇ

ਤੁਹਾਡੇ ਹੀ ਗਵਾਂਢੀ, ਰਿਸ਼ਤੇਦਾਰ,
ਮਿੱਤਰ
ਤੁਹਾਡੇ ਚਿਹਰਿਆਂ ਵੱਲ, ਇੰਝ
ਘੋਖਵੀਆਂ ਨਜ਼ਰਾਂ ਨਾਲ
ਦੇਖਦੇ ਹਨ, ਜਿਵੇਂ
ਉੱਥੇ ਲਿਖਿਆ ਹੋਵੇ:
'ਕਰੋਨਾ ਵਾਇਰਸ'
ਕੀ ਕਰ ਦਿੱਤਾ ਹੈ
ਇੱਕ ਨਿੱਕੇ ਜਿਹੇ
ਕੀਟਾਣੂ ਕਰੋਨਾ ਨੇ

ਜ਼ਿੰਦਗੀ ਨੂੰ, ਰਿਸ਼ਤਿਆਂ ਨੂੰ,
ਪਿਆਰ ਨੂੰ, ਦੋਸਤੀ ਨੂੰ,
ਸਭਿਆਚਾਰ ਨੂੰ, ਸਮਾਜ ਨੂੰ,
ਇਨਸਾਨ ਨੂੰ

**ਸੁਖਿੰਦਰ**
**ਟੋਰਾਂਟੋ, ਕੈਨੇਡਾ**
**+416-858-7077**

## ਨਜ਼ਮ

## ਜਸਤੇਜ ਸਿੱਧੂ



ਜਸਤੇਜ ਸਿੱਧੂ ਅਮਰੀਕਾ ਦੇ ਸ਼ਹਿਰ ਨਿਊ ਜਰਸੀ ਵੱਸਦਾ ਇੱਕ ਨਵਾਂ ਉਭਰ ਰਿਹਾ ਲੇਖਕ ਹੈ। ਉਸਨੇ ਕਵਿਤਾ ਤੇ ਮਿੰਨੀ ਕਹਾਣੀ ਦੀ ਸਿਰਜਣਾ ਰਾਹੀਂ ਸਾਹਿਤ ਦੇ ਖੇਤਰ ਵਿਚ ਆਪਣੀ ਹਾਜ਼ਰੀ ਲੁਆਈ ਹੈ। ਜਲਦੀ ਹੀ ਉਸਦਾ ਪਲੇਠਾ ਮਿੰਨੀ ਕਹਾਣੀ ਸੰਗ੍ਰਹਿ ਪਾਠਕਾਂ ਦੇ ਸਨਮੁੱਖ ਪੇਸ਼ ਹੋ ਰਿਹਾ ਹੈ।

### ਕਾਲੇ ਪਰਛਾਵੇਂ

ਕਿੱਥੋਂ ਆ ਗਏ ਇਹ ਕਾਲੇ ਕਾਲੇ
ਪਰਛਾਵੇਂ,
ਪੀੜ ਇਹ ਦੇਖੀ ਨਾ ਜਾਵੇ,
ਚਿੱਠੀਆਂ ਤੁਰੀਆਂ ਬਿਨਾਂ ਸਿਰਨਾਵੇਂ,
ਮਨੁੱਖਤਾ ਪਲ ਪਲ ਮਰਦੀ ਜਾਵੇ,

ਹਰੀਆਂ ਬੇਲਾਂ ਸੁੱਕ ਗਈਆਂ,
ਮਾਲਕਾਂ ਫਿਰ ਰੰਗ ਇੰਨਾਂ ਤੇ ਆ
ਜਾਵੇ

**ਜਸਤੇਜ ਸਿੱਧੂ**
**ਨਿਊਜਰਸੀ**
**908-209-0050**

## ਨਜ਼ਮ

## ਗੁਰਦੀਸ਼ ਕੌਰ ਗਰੇਵਾਲ



ਗੁਰਦੀਸ਼ ਕੌਰ ਗਰੇਵਾਲ ਕੈਨੇਡਾ ਵਿੱਚ ਵੱਸਦੀ ਉਹ ਲੇਖਿਕਾ ਹੈ ਜਿਸਨੇ ਆਪਣੀਆਂ ਲਿਖਤਾਂ ਵਿੱਚ ਸਮੇਂ ਦੀਆਂ ਤਲਖ਼ ਹਕੀਕਤਾਂ ਨੂੰ ਬੇਬਾਕੀ ਨਾਲ ਪੇਸ਼ ਕੀਤਾ ਹੈ। ਉਸ ਦੀ ਕਾਵਿ ਸੰਵੇਦਨਾ ਵਿੱਚ ਸੂਖਮਤਾ, ਸੰਖੇਪਤਾ ਤੇ ਪਰਪੱਕਤਾ ਮੁੱਖ ਰੂਪ ਵਿੱਚ ਵਿਦਮਾਨ ਹੈ।

### ਇੱਕ ਅਰਜ਼ੋਈ

ਮੇਰੇ ਮਾਲਕਾ...

ਨਵੇਂ ਨਵੇਂ ਦੁੱਖਾਂ ਤੋਂ ਬਚਾਈਂ ਮੇਰੇ
ਮਾਲਕਾ।
ਦੁਨੀਆਂ ਤੇ ਠੰਢ ਵਰਤਾਈਂ ਮੇਰੇ
ਮਾਲਕਾ।

ਮੰਨਿਆਂ ਕਿ ਤੇਰੇ ਕੋਲੋਂ ਹੋਏ ਅਸੀਂ
ਦੂਰ ਹਾਂ,
ਹਉਮੈਂ ਆਪਣੀ ਦੇ ਵਿੱਚ ਰਹਿੰਦੇ
ਮਗਰੂਰ ਹਾਂ।
ਸਾਡੇ ਮਨ ਮਿਹਰ ਤੂੰਹੀਉਂ ਪਾਈਂ ਮੇਰੇ
ਮਾਲਕਾ
ਦੁਨੀਆਂ......

ਕੁਦਰਤ ਤੇਰੀ ਵਲੋਂ ਮੂੰਹ ਅਸਾਂ
ਮੋੜਿਆ,
ਰੈਡੀਮੇਡ ਭੋਜਨਾਂ ਦੇ ਸੰਗ ਨਾਤਾ
ਜੋੜਿਆ।
ਤੇਰੇ ਹੀ ਹਾਂ ਬੱਚੇ ਸਮਝਾਈਂ ਮੇਰੇ
ਮਾਲਕਾ
ਦੁਨੀਆਂ......

ਮੰਨਦੇਂ ਖੁਰਾਕਾਂ ਵਿੱਚ ਜ਼ਹਿਰਾਂ ਅਸਾਂ
ਘੋਲੀਆਂ,
ਵਾਇਰਸ ਆਏ ਤਾਈਂਉਂ ਬੰਨ੍ਹ ਬੰਨ੍ਹ
ਟੋਲੀਆਂ।
ਤੇਰੇ ਹੱਥ ਡੋਰ ਹੈ ਬਚਾਈਂ ਮੇਰੇ
ਮਾਲਕਾ
ਦੁਨੀਆਂ......

ਬਾਹਰ ਆਉਣ ਜਾਣ ਕੋਲੋਂ ਅਸੀਂ
ਘਬਰਾਉਂਦੇ ਹਾਂ,
ਘਰ ਬੈਠੇ 'ਭਲਾ ਸਰਬੱਤ ਦਾ'
ਮਨਾਉਂਦੇ ਹਾਂ।
ਜੱਗ ਉੱਤੇ ਮਿਹਰ ਵਰਸਾਈਂ ਮੇਰੇ
ਮਾਲਕਾ
ਦੁਨੀਆਂ......

ਭਾਵੇਂ ਇਸ ਧਰਤੀ ਤੇ ਵੱਧ ਗਿਆ
ਪਾਪ ਹੈ,
ਤੇਰੀ ਹੀ ਸ੍ਰਿਸ਼ਟੀ ਬਣਾਈ ਵੀ ਤੂੰ
ਆਪ ਹੈ।
ਏਥੇ ਕੋਈ ਤਬਾਹੀ ਨਾ ਲਿਆਈਂ ਮੇਰੇ
ਮਾਲਕਾ

ਦੁਨੀਆਂ......

## ‘ਇਹ ਕੈਸੀ ਰੁੱਤ ਆਈ’

ਇਹ ਕੈਸੀ ਰੁੱਤ ਆਈ ਨੀ ਭੈਣੇ,
ਇਹ ਕੈਸੀ ਰੁੱਤ ਆਈ।
ਮੱਚ ਗਈ ਹਾਲ ਦੁਹਾਈ ਨੀ ਭੈਣੇ,
ਇਹ ਕੈਸੀ ਰੁੱਤ ਆਈ।

ਬੰਦਾ ਹੁਣ ਬੰਦੇ ਤੋਂ ਡਰਦਾ,
ਨੇੜ ਲਗੇ ਨਾ ਭਾਈ।
ਨੀ ਭੈਣੇ......

ਸਭ ਜੂਨਾਂ ਤੇ ਰਾਜ ਕਰੇਂਦਾ,
ਵਿਸਰ ਗਈ ਚਤੁਰਾਈ।
ਨੀ ਭੈਣੇ......

ਪੰਛੀ ਫਿਰਨ ਕਲੋਲਾਂ ਕਰਦੇ,
ਪਿੰਜਰੇ ਪਈ ਲੋਕਾਈ।
ਨੀ ਭੈਣੇ......

ਕੁਦਰਤ ਸੰਗ ਖਿਲਵਾੜ ਕਰੇਂਦਾ,
ਕੁਦਰਤ ਤੋਂ ਹਰ ਜਾਈ।
ਨੀ ਭੈਣੇ......

‘ਨੀਕੀ ਕੀਰੀ ਮਹਿ ਕਲ ਰਾਖੈ॥’
ਰੱਬ ਤਾਕਤ ਦਰਸਾਈ।
ਨੀ ਭੈਣੇ......

ਜਿਹੜੇ ਕਰਨ ਮਖੌਲਾਂ ਰੱਬ ਨੂੰ,
ਖੜ੍ਹੇ ਨੇ ਹੱਥ ਫੈਲਾਈ।
ਨੀ ਭੈਣੇ......

ਰਹਿਮ ਕਰੀਂ ਤੂੰ ਸਭ ਤੇ ਮੌਲ਼ਾ,
ਵੱਸਦੀ ਰਹੇ ਲੋਕਾਈ।
ਨੀ ਭੈਣੇ......

## ਨਵਾਂ ਸਵੇਰਾ

ਭਾਵੇਂ ਹੈ ਰਾਤ ਲੰਮੀ, ਹਰ ਤਰਫ਼ ਹੈ ਹਨ੍ਹੇਰਾ।

ਸੂਰਜ ਅਖੀਰ ਚੜਨਾ ਹੋਣਾ ਨਵਾਂ ਸਵੇਰਾ

**ਗੁਰਦੀਸ਼ ਕੌਰ ਗਰੇਵਾਲ**
**ਕੈਲਗਰੀ, ਕੈਨੇਡਾ**
**gurdish.grewal@gmail.com**



## ਨਜ਼ਮ

## ਰਮਿੰਦਰ ਰੰਮੀ ਵਾਲੀਆ



ਅੰਮ੍ਰਿਤਸਰ ਜਿਲ੍ਹੇ ਦੀ ਜੰਮਪਲ ਰਮਿੰਦਰ ਰੰਮੀ ਵਾਲੀਆ ਦੀ ਰੁਚੀ ਸਾਹਿਤ ਪੜਨ ਲਿਖਣ ਤੋਂ ਇਲਾਵਾ ਧਾਰਮਿਕ ਤੇ ਸਮਾਜ ਸੇਵਾ ਦੇ ਕਾਰਜਾਂ ਵਿਚ ਵੀ ਪ੍ਰਬਲ ਹੈ। ਰਮਿੰਦਰ ਕੌਰ 2007 ਤੋਂ ਕੈਨੇਡਾ ਦੀ ਧਰਤੀ 'ਤੇ ਵਿਚਰ ਰਹੀ ਹੈ। ਉਹ ਪਰਵਾਸੀ ਜੀਵਨ ਦੇ ਵਿਭਿੰਨ ਤਜਰਬਿਆਂ ਨੂੰ ਕਹਾਣੀ, ਲੇਖ ਤੇ ਕਵਿਤਾ ਰਾਹੀਂ ਪਾਠਕਾਂ ਨਾਲ ਸਾਂਝਾ ਕਰ ਰਹੀ ਹੈ

### ਅਰਜ਼ੋਈ

ਨਿੱਤ ਕਰਾਂ ਅਰਜ਼ੋਈ ਦਾਤਾ ਮਿਹਰ ਕਰੋ
ਮੰਗਾਂ ਨਿੱਤ ਖ਼ੈਰਾਂ ਸਰਬੱਤ ਦੇ ਭਲੇ ਦੀਆਂ, ਦਾਤਾ ਮਿਹਰ ਕਰੋ
ਕੈਸਾ ਕਹਿਰ ਕਮਾਇਆ ਵਾਇਰਸ ਕਰੋਨਾ ਨੇ
ਲੋਕਾਂ ਨੂੰ ਭੱੜਥੂ ਪਾਇਆ ਇਸਦੇ ਕਹਿਰ ਨੇ, ਦਾਤਾ ਮਿਹਰ ਕਰੋ
ਨਿੱਤ ਕਰਾਂ ਅਰਜ਼ੋਈ ਦਾਤਾ ਮਿਹਰ ਕਰੋ ਘਰਾਂ ਵਿੱਚ ਸਾਰੇ ਆਪਣੇ ਹੀ ਕੈਦੀ ਹੋ ਕੇ ਰਹਿ ਗਏ ਨੇ
ਜੋ ਢੁੱਕ ਢੁੱਕ ਨੇੜੇ ਬਹਿੰਦੇ ਸੀ
ਹੁਣ ਦੂਰੋਂ ਹੀ ਹੱਥ ਹਿਲਾਉਂਦੇ ਨੇ
ਦਾਤਾ ਮਿਹਰ ਕਰੋ
ਨਿੱਤ ਕਰਾਂ ਅਰਜ਼ੋਈ  ਦਾਤਾ ਮਿਹਰ ਕਰੋ
ਸੱਭ ਛੱਡ ਕੇ ਕੰਮਾਂ ਕਾਰਾਂ ਨੂੰ
ਹੁਣ ਘਰਾਂ ਵਿੱਚ ਡਰ ਕੇ ਬਹਿ ਗਏ ਨੇ
ਚਿੰਤਾ ਵੀ ਬਹੁਤ ਸਤਾਉਂਦੀ ਹੈ
ਕੀ ਬਣੂੰ ਹੁਣ ਸਾਡੀ ਰੋਜ਼ੀ ਰੋਟੀ ਦਾ
ਕਹਿੰਦੇ ਪਹਿਲਾਂ ਜਾਨ ਪਿਆਰੀ ਹੈ
ਜਾਨ ਹੈ ਤੇ ਜਹਾਨ ਹੈ
ਦਾਤਾ ਮਿਹਰ ਕਰੋ
ਨਿੱਤ ਕਰਾਂ ਅਰਜ਼ੋਈ ਦਾਤਾ ਮਿਹਰ ਕਰੋ
ਕੀ ਹੋ ਗਈ ਐਸੀ ਗਲਤੀ
ਸਾਰੀ ਖ਼ਲਕਤ ਤੋਂ
ਬਖ਼ਸ਼ਣਹਾਰੇ ਬਖ਼ਸ਼ੋ ਹੁਣ
ਹਰ ਵੇਲੇ ਜੱਪਦੇ ਤੇਰਾ ਨਾਮ
ਦਾਤਾ ਮਿਹਰ ਕਰੋ
ਨਿੱਤ ਕਰਾਂ ਅਰਜ਼ੋਈ ਦਾਤਾ ਮਿਹਰ ਕਰੋ
ਜੋ ਤੈਨੂੰ ਭੁਲਾਈ ਬੈਠੇ ਸੀ ਹੁਣ
ਹਰ ਸਾਹ ਵਿੱਚ ਜੱਪਦੇ ਤੇਰਾ ਨਾਮ
ਤੇਰੀਆਂ ਤੂੰ ਹੀ ਜਾਣੇ ਦਾਤਾ
ਹੁਣ ਭੁੱਲਾਂ ਸਾਡੀਆਂ ਬਖ਼ਸ਼ ਦਿਉ
ਦਾਤਾ ਮਿਹਰ ਕਰੋ
ਨਿੱਤ ਕਰਾਂ ਅਰਜ਼ੋਈ ਦਾਤਾ ਮਿਹਰ ਕਰੋ
ਮੰਗਾਂ ਨਿੱਤ ਖ਼ੈਰਾਂ ਸਰਬੱਤ ਦੇ ਭਲੇ ਦੀਆਂ, ਦਾਤਾ ਮਿਹਰ ਕਰੋ
ਨਿੱਤ ਕਰਾਂ ਅਰਜ਼ੋਈ
ਦਾਤਾ ਮਿਹਰ ਕਰੋ
ਦਾਤਾ ਮਿਹਰ ਕਰੇ

**ਰਮਿੰਦਰ ਰੰਮੀ ਵਾਲੀਆ**
**ਟੋਰੰਟੋ, ਕੈਨੇਡਾ**

## ਨਜ਼ਮ

ਹਰਵਿੰਦਰ ਰਿਆੜ




ਹਰਵਿੰਦਰ ਰਿਆੜ ਪੰਜਾਬੀ ਸਾਹਿੱਤ ਦਾ ਗੰਭੀਰ ਵਿਦਿਆਰਥੀ ਰਿਹਾ ਹੈ। ਅਮਰੀਕਾ ਦੇ ਨਿਊ ਜਰਸੀ ਸੂਬੇ ‘ਚ ਵੱਸਦਿਆਂ ਉਸ ਨੇ ਪਿਛਲੇ 18 ਸਾਲ ਤੋਂ ਪੱਤਰਕਾਰੀ, ਸਾਹਿੱਤ ਸਿਰਜਣਾ ਤੇ ਮੰਚ ਪੇਸ਼ਕਾਰੀਆਂ ਕਰਕੇ ਪੂਰੇ ਉੱਤਰੀ ਅਮਰੀਕਾ ‘ਚ ਆਪਣੀ ਲਿਆਕਤ ਦਾ ਲੋਹਾ ਮੰਨਵਾਇਆ ਹੈ। ਪੰਜਾਬੀ ਰਾਈਟਰ ਵੀਕਲੀ ਤੇ ਹੁਣੇ ਸ਼ੁਰੂ ਹੋਇਆ ਪੰਜਾਬੀ ਟੀ. ਵੀ. ਚੈਨਲ ਬਾਜ਼ ਪਿਆਰ ਪਰਿਵਾਰ ਦੀ ਘਾਲਣਾ ਤੇ ਦੂਰਦ੍ਰਿਸ਼ਟੀ ਦਾ ਹੀ ਨਤੀਜਾ ਹੈ

### ਮੁਸੀਬਤਾਂ ਦੇ ਪਹਾੜ

ਕੋਈ ਵੀ ਪਹਾੜ
ਮੁਸੀਬਤ ਤੋਂ ਵੱਡਾ ਨਹੀਂ ਹੁੰਦਾ
ਹਰ ਪਹਾੜ ਦੇ ਸਿਖ਼ਰ ਤੇ
ਚੜ੍ਹਦਾ ਹੈ ਬੰਦਾ ਹਿੰਮਤ ਨਾਲ।
ਕਰੋਨਾ ਹੋਵੇ ਜਾਂ
ਹੰਕਾਰ ਦਾ ਵਾਇਰਸ
ਸਭ ਮਲੀਆਮੇਟ ਕਰਾਂਗੇ।
ਸਾਡੇ ਕੋਲ ਬਹੁਤ ਕੁਝ ਹੈ ਜਨਾਬ।
ਸਦੀਆਂ ਤੋਂ ਖਰਲ ਵਿੱਚ ਪੀਸਦੇ ਰਹੇ ਹਾਂ
ਅੱਗ ਦੇ ਅਨਾਰ
ਸੂਰਜ ਨੂੰ ਫੜਦੇ ਰਹੇ ਹਾਂ
ਹੋ ਕੇ ਵਕਤ ਦੇ ਘੋੜੇ ਤੇ ਸਵਾਰ।
ਵਿਸ਼ਵਾਸ ਹੈ
ਨਿਸ਼ਚੇ ਨਾਲ ਹੀ
ਜਿੱਤ ਹਾਸਲ ਕਰਨੀ ਹੈ।
ਮਨੁੱਖ ਨੂੰ ਭੁੱਲ ਗਿਆ ਸੀ
ਅਸਲ ਕਿਰਦਾਰ ਤੇ ਵਿਹਾਰ
ਕੁਦਰਤ ਨੇ ਵਿਖਾਈ ਹੈ ਉਸਨੂੰ ਨੁਹਾਰ।
ਕੁੱਲੀਆਂ ਤੇ ਬੁਰਜ
ਇੱਕੋ ਜਿੰਨਾ ਕੰਬਦੇ ਵੇਖੇ ਪਹਿਲੀ ਵਾਰ।
ਦਰਦ ਸਰਹੱਦਾਂ ਦੇ ਆਰ ਪਾਰ
ਨਾ ਤੀਰ ਨਾ ਤਲਵਾਰ
ਫਿਰ ਵੀ ਦੁਸ਼ਮਣ ਕਰਦਾ ਮਾਰੋ-ਮਾਰ
ਵਾਗ ਅੱਗਿਉਂ ਫੜਾਂਗੇ ਜ਼ਰੂਰ ਹਜ਼ੂਰ
ਆਵਾਰਾ ਨਹੀਂ ਫਿਰਨ ਦੇਣਾ ਗ਼ਰੂਰ
ਸਿਵਿਆਂ ਤੇ ਕਬਰਾਂ ਵਿੱਚ
ਭੀੜ ਨਹੀਂ ਹੋਣ ਦੇਣੀ।

ਹਰਵਿੰਦਰ ਰਿਆੜ
ਨਿਊ ਜਰਸੀ, ਅਮਰੀਕਾ

## ਨਜ਼ਮ
## ਦਲਜਿੰਦਰ ਰਹਿਲ



ਦਲਜਿੰਦਰ ਰਹਿਲ ਇਟਲੀ ਵੱਸਦਾ ਪੰਜਾਬੀ ਕਾਵਿ ਖੇਤਰ ਵਿੱਚ ਇਕ ਨਿਵੇਕਲਾ ਨਾਂ ਹੈ। ਆਪਣੀ ਧਰਤੀ ਤੋਂ ਹਜ਼ਾਰਾਂ ਮੀਲ ਦੂਰ ਅਤੇ ਬਹੁਤ ਹੀ ਰੁੱਝੇ ਸਮਾਜ ਵਿੱਚ ਰਹਿੰਦਿਆਂ ਵੀ ਉਸ ਨੇ ਸੱਚੇ ਸੁੱਚੇ ਸ਼ਬਦਾਂ ਨਾਲ, ਕਵਿਤਾ ਨਾਲ ਬੜਾ ਹੀ ਖ਼ੂਬਸੂਰਤ ਰਿਸ਼ਤਾ ਜੋੜਿਆ ਹੋਇਆ ਹੈ

### ਮਹਾਂਮਾਰੀ ਕੋਰੋਨਾ

ਘਰਾਂ ਵਿੱਚ ਕੈਦ ਹੋ ਗਏ
ਘਰਾਂ ਦੀਆਂ ਰਾਖੀਆਂ ਕਰਦੇ,
ਦੇਈਏ ਦੋਸ਼ ਹੁਣ ਕਿਸਨੂੰ
ਹੱਥੀਂ ਮੌਤ ਨੂੰ ਸੱਦ ਕੇ ।

ਨਾ ਇਹ ਸਾਹਿਬ ਦਾ ਭਾਣਾ
ਤੇ ਨਾਹੀਂ ਕਹਿਰ ਕੁਦਰਤ ਦਾ।
ਸਹੇੜੀ ਮੌਤ ਬੰਦੇ ਨੇ
ਜੋ ਨਾ ਰੱਜਿਆ ਰੱਜ ਕੇ ।

ਬੇਦੋਸ਼ੇ ਲੋਕ ਤੁਰ ਗਏ
ਜਿਨਾ ਦਾ ਦੋਸ਼ ਕੋਈ ਨਾ,
ਲੱਖਾਂ ਹੀ ਮੌਤ ਨਾਲ ਲੜਦੇ
ਮੌਤ ਦੇ ਸਹਿਮ ਵਿੱਚ ਦੱਬ ਕੇ।

ਹੈ ਪੂਰੇ ਵਿਸ਼ਵ ਲਈ ਖਤਰਾ
ਘੰਟੀ ਮੌਤ ਦੀ ਵੱਜੀ,
ਕੁਦਰਤ ਘੇਰਦੇ ਜਿਹੜੇ
ਲੁਕੇ ਹੁਣ ਕਿਸ ਜਗ੍ਹਾ ਭੱਜ ਕੇ।

ਫਿਰ ਵੀ, ਹੌਂਸਲਾ ਰੱਖੀਏ
ਪਏਗਾ ਬੂਰ ਯਤਨਾਂ ਨੂੰ,
ਭਲਾ ਸਰਬੱਤ ਦਾ ਮੰਗੀਏ
ਆਖੇ ਰੱਬ ਦੇ ਲੱਗ ਕੇ।

ਆਸ਼ਾਵਾਂ ਰੱਖੀਏ ਯਾਰੋ
ਸੁਹੇਲੇ ਹੋਣਗੇ ਫਿਰ ਤੋਂ,
ਇਹ ਕਾਲੇ ਦਿਨ ਕੋਰੋਨੇ ਦੇ
ਸਦਾ ਨਾ ਰਹਿਣਗੇ ਬੱਝ ਕੇ॥

### ਆਸ

ਮਨ ਦੇ ਵਿਹੜੇ ਲਾ ਕੇ ਯਾਰੋ
ਆਸ਼ਾਵਾਂ ਦੇ ਰੁੱਖ ਨਰੋਏ
ਹਰ ਮੁਸ਼ਕਿਲ ਨਾਲ ਲੜਨਾ ਸਿੱਖੀਏ
ਜੋ ਹੋਣਾ ਸੋ ਹੋਏ।

**ਦਲਜਿੰਦਰ ਰਹਿਲ**
**ਇਟਲੀ**
**00393272244388**
**dal.rahel@gmail.com**

## ਨਜ਼ਮ

## ਬਲਵਿੰਦਰ ਸਿੰਘ ਚਾਹਲ



ਬਲਵਿੰਦਰ ਸਿੰਘ ਚਾਹਲ ਇੰਗਲੈਂਡ ਵੱਸਦਾ ਪੰਜਾਬੀ ਲੇਖਕ ਹੈ ਉਸ ਦੀ ਕਵਿਤਾ ਦੇ ਨਾਲ ਨਾਲ ਇਤਿਹਾਸ ਵਿਚ ਵੀ ਡੂੰਘੀ ਦਿਲਚਸਪੀ ਹੈ। ਉਸ ਦੀ ਪੁਸਤਕ ‘ਇਟਲੀ ਵਿਚ ਸਿੱਖ ਫੌਜੀ’ (ਦੂਸਰਾ ਵਿਸ਼ਵ ਯੁੱਧ) ਉਸ ਦੀ ਖੋਜੀ ਬਿਰਤੀ ਤੇ ਸਿਰੜ ਦਾ ਪ੍ਰਤੱਖ ਪ੍ਰਮਾਣ ਹੈ

### ਕੋਰੋਨਾ

ਐ ਕੋਰੋਨਾ
ਆਖਿਰ ਤੂੰ ਹਾਰੇਂਗਾ
ਤੇਰੀ ਹੋਂਦ
ਤੇਰੀ ਹਸਤੀ ਨੂੰ
ਆਖਿਰ ਮਿਟਣਾ ਪਵੇਗਾ
ਇਸਨੂੰ ਮਿਟਾਉਣ ਲਈ
ਅਸੀਂ ਲੜਾਂਗੇ
ਦੋ-ਦੋ ਹੱਥ ਕਰਾਂਗੇ
ਅਸੀਂ ਜਿੱਤਾਂਗੇ
ਜ਼ਰੂਰ ਜਿੱਤਾਂਗੇ
ਸਾਨੂੰ ਜਿੱਤਣਾ ਹੀ ਪਵੇਗਾ
ਜਿੱਤ ਦੇ ਦੀਵੇ ਬਾਲ ਕੇ
ਘਰਾਂ ਨੂੰ ਰੁਸ਼ਨਾਵਾਂਗੇ
ਥੰਮ ਗਈ ਜ਼ਿੰਦਗੀ ਨੂੰ
ਨਵੀਂ ਦਿਸ਼ਾ
ਨਵੀਂ ਰੂਹ ਦੇਵਾਂਗੇ
ਕੁਝ ਵੱਖਰਾ
ਕੁਝ ਅਨੂਠਾ ਕਰਾਂਗੇ
ਜਿਸ ਪਿੱਛੋਂ
ਹੋਰ ਕੋਰੋਨੇ ਨਾ ਜੰਮਣ
ਨਾ ਪਨਪਣ
ਨਾ ਵਿਗਸਣ
ਨਾ ਫੈਲਣ

**ਬਲਵਿੰਦਰ ਸਿੰਘ ਚਾਹਲ**
**ਯੂ. ਕੇ.**



## ਬੋਲੀਆਂ

# ਤਰਨਜੀਤ ਸਿੰਘ ਔਜਲਾ



ਤਰਨਜੀਤ ਸਿੰਘ ਔਜਲਾ ਕੈਲਗਰੀ ਵੱਸਦਾ ਸੁਚੇਤ ਸਾਹਿਤ ਰਸੀਆ ਹੈ। ਬਚਪਨ ਤੋਂ ਹੀ ਪੜ੍ਹਦਾ ਬਹੁਤ ਹੈ ਕਿਉਂਕਿ ਉਸ ਦੇ ਪਿਤਾ ਜੀ ਸ੍ਵ: ਪ੍ਰੋ: ਮੋਹਨ ਸਿੰਘ ਔਜਲਾ ਸਾਹਿਤ ਸਿਰਜਕ ਤੇ ਡੀ. ਏ. ਵੀ. ਕਾਲਜ ਦਸੂਹਾ 'ਚ ਪੰਜਾਬੀ ਪ੍ਰੋਫੈਸਰ ਸਨ। ਕਿੱਤੇ ਵੱਲੋਂ ਵਕੀਲ ਤਰਨਜੀਤ ਦੀ ਇਹ ਪਹਿਲੀ ਰਚਨਾ ਪਰਵਾਸ ਦੇ ਪਾਠਕਾਂ ਸਨਮੁਖ ਪੇਸ਼ ਹੈ

## ਵਰਤਮਾਨ ਬੋਲੀਆਂ

ਬਾਰੀ ਬਰਸੀਂ ਖੱਟਣ ਗਿਆ ਸੀ,
ਖੱਟ ਕੇ ਲ਼ਿਆਇਆ ਝੋਨਾ।
ਝੂਠੇ ਪਾਂਡਿਆਂ ਦੇ ਭਾਂਡੇ ਮੂਧੇ ਕਰੂ
ਕਰੋਨਾ।

ਆਰੀ ਆਰੀ ਆਰੀ
ਗੱਲ ਇਹ ਸਮਝਣ ਦੀ
ਜਿਨ੍ਹਾਂ ਨੇ ਸੋਚ ਵਿਚਾਰੀ।
ਗੱਲੀਂ ਬਾਤੀਂ ਨਹੀਂ ਬਣਦੀ,
ਵਿੱਦਿਆ ਪਰਉਪਕਾਰੀ।

ਸਬਰ, ਸਿਦਕ, ਸੰਤੋਖ ਤੇ ਸੰਜਮ
ਗਹਿਣੇ ਬੜੇ ਗੁਣਕਾਰੀ।
ਜੀਵਨ ਵਿੱਚ ਜੇ ਪਹਿਨ ਲਵੋ ਤਾਂ
ਜਾਵੇ ਜਿੰਦ ਸਵਾਰੀ

ਗਾਨੀ ਗਾਨੀ ਗਾਨੀ
ਕਰੋਨੇ ਦੀ ਤਾਲਾਬੰਦੀ 'ਚ, ਕਰ
ਸੰਗਤ ਨਾਲ ਗਿਆਨੀ।
ਆਪ ਆਪਣੀ ਬੁੱਧ ਸੀ ਜਿੰਨੀ,
ਲਿਖ ਕੇ ਜਿੰਨਾਂ ਬਿਆਨੀ।
ਮਨ ਵਿੱਚ ਰੱਖ ਸਾਂਭ ਕੇ,
ਮਹਿੰਗੀ ਪਿਆਰ ਨਿਸ਼ਾਨੀ।

ਚਾਰ ਚੁਫੇਰ ਹੈ ਤੇਰੇ ਸੱਜਣਾ ਕਾਲਾ
ਕੂੜ ਹਨ੍ਹੇਰਾ।
ਮਨ ਮਸਤਕ ਨੂੰ ਰੌਸ਼ਨ ਕਰ ਤੂੰ, ਲਾ
ਕੇ ਕਿਤਾਬੀਂ ਡੇਰਾ।
ਭਰ ਭਰ ਵੰਡ ਮੁੱਠੀਆਂ ਚਾਨਣ
ਗਿਆਨ ਦਾ ਬਥੇਰਾ।
ਭਰ ਭਰ ਵੰਡ ਮੁੱਠੀਆਂ

ਬੀਤਣ ਵਾਲਾ ਚੇਤ।
ਹੋ ਜਾ ਮਨਾ ਸੁਚੇਤ।
ਗੁਰਾਂ ਨੇ ਸਾਨੂੰ ਜੋ ਕੁਝ ਦੱਸਿਆ
ਲਿਖ ਕੇ ਡੂੰਘਾ ਭੇਤ।
ਉਹ ਹੀ ਵੱਢਣਾ ਪਊ, ਕਰਮਾ ਸੰਦੜਾ
ਖੇਤ

**ਤਰਨਜੀਤ ਸਿੰਘ ਔਜਲਾ**
**ਕੈਲਗਰੀ (ਕੈਨੇਡਾ)**
**001 (403) 510-8584**

## ਨਜ਼ਮ

## ਰਮਿੰਦਰ ਕੌਰ ਖਿਆਲਾ ਨਾਗਰਾ



ਰਮਿੰਦਰ ਕੌਰ ਖਿਆਲਾ ਨਾਗਰਾ ਦੀ ਕਰਮ ਭੂਮੀ ਮੈਲਬਰਨ (ਆਸਟਰੇਲੀਆ) ਹੈ। ਕਿੱਤੇ ਵਜੋਂ ਉਹ ਨਰਸ ਹੈ। ਬੀ. ਐਸ. ਸੀ. ਨਰਸਿੰਗ ਡੀਕਨ ਯੂਨੀਵਰਸਿਟੀ ਮੈਲਬਰਨ ਤੋਂ ਕਰਨ ਉਪਰੰਤ ਉਹ ਫਰੈਂਕਸਟਨ ਹਸਪਤਾਲ ਮੈਲਬਰਨ ਵਿਖੇ ਹੀ ਆਪਣੀਆਂ ਸੇਵਾਵਾਂ ਨਿਭਾ ਰਹੀ ਹੈ। ਪੰਜਾਬੀ ਸਾਹਿਤ ਪੜ੍ਹਨ ਤੇ ਲਿਖਣ ਦਾ ਸ਼ੌਂਕ ਰੱਖਦੀ ਰਮਿੰਦਰ ਕੌਰ ਆਪਣੇ ਭਾਵਾਂ ਨੂੰ ਕਵਿਤਾ ਵਿਚ ਵਧੇਰੇ ਅਭਿਵਿਅਕਤ ਕਰਨ ਪੰਸਦ ਕਰਦੀ ਹੈ

## ਕਵਿਤਾ

ਮਨੁੱਖ ਅੱਜ
ਜ਼ਿੰਦਗੀ ਮੌਤ ਨਾਲ ਖੇਡ ਰਿਹਾ ਏ।
ਕਹਿੰਦਾ ਦੁਨੀਆ ਦਾ
ਅੰਤ ਪਾ ਲਿਆ ਏ।
ਆਪਣੇ ਆਪ ਨੂੰ
ਰੱਬ ਸਮਝ ਬੈਠਾ,
ਹਉਮੈਂ 'ਤੇ ਹੰਕਾਰ ਨੇ ਈ
ਬੱਸ ਖਾ ਲਿਆ ਏ।
ਵੱਖਰੇ ਵੱਖਰੇ ਤਜ਼ਰਬੇ ਕਰਦਾ,
ਕਦੇ ਪਰਮਾਣੂ ਬੰਬ
ਤਿਆਰ ਕਰਦਾ,
ਧਰਤੀ ਤੋਂ ਚੰਨ 'ਤੇ
ਮਹਿਲ ਉਸਾਰ ਰਿਹਾ ਏ।
ਜਾਨਵਰ ਤਾਂ ਕੀ ਛੱਡਣੇ
ਬੰਦਾ ਆਦਮਖੋਰ ਹੋਇਆ।
ਜੋ ਦਿਸ ਜਾਏ
ਬੱਸ ਨਿਗਲੀ ਜਾ ਰਿਹਾ ਏ
ਤਾਂ ਹੀ ਤਾਂ
ਏਨਾ ਬੁਰਾ ਹਾਲ ਹੋਇਆ
ਕਦੇ ਭੁਚਾਲ,
ਹੜ੍ਹ ਤੇ ਕਿਤੇ ਅੱਗ ਦਾ ਸਾਇਆ ਏ,
ਹਰ ਪਾਸੇ ਡਰ ਤੇ ਸਹਿਮ ਪਸਰਿਆ
ਹੁਣ ਕਰੋਨਾ ਤੋਂ
ਕੁਲ ਆਲਮ ਘਬਰਾਇਆ ਏ।
ਆਓ ਸੱਚੇ ਦਿਲੋਂ
ਅਰਦਾਸ ਕਰੀਏ
ਜ਼ਿੰਦਗੀ ਜਿਉਣ ਦੇ ਸਲੀਕੇ ਬਦਲੀਏ
ਪੌਣ ਪਾਣੀ ਦੀ ਕੀਮਤ ਸਮਝੀਏ
ਜੀਵ ਜੰਤੂਆਂ ਨੂੰ ਪਿਆਰ ਕਰੀਏ
ਕੁਦਰਤ ਦਾ ਰੰਗ ਮਾਣ ਲਈਏ
ਆਪਣੇ ਅੰਦਰ ਦਾ
ਸ਼ੈਤਾਨ ਮਾਰ ਲਈਏ

**ਰਮਿੰਦਰ ਕੌਰ ਖਿਆਲਾ ਨਾਗਰਾ**
**ਆਸਟ੍ਰੇਲੀਆ**
**+61410515209**

## ਨਜ਼ਮ

## ਨਕਸ਼ਦੀਪ ਪੰਜਕੋਹਾ



ਗ.ਸ.
ਨਕਸ਼ਦੀਪ
ਪੰਜਕੋਹਾ
ਅਮਰੀਕਾ
ਵੱਸਦਾ ਪੰਜਾਬੀ ਦਾ ਇੱਕ ਚਰਚਿਤ ਨਾਵਲਕਾਰ ਹੈ। ਜ਼ਿੰਦਗੀ ਦੇ ਦੁੱਖਾਂ ਸੁੱਖਾਂ ਨਾਲ ਸਾਂਝ ਪੁਆਉਦੇ ਨਾਵਲਾਂ ਤੋਂ ਇਲਾਵਾ ਉਸ ਦਾ ਇੱਕ ਕਾਵਿ-ਸੰਗ੍ਰਹਿ 'ਰਾਤ ਦੀ ਕੁੱਖ' ਵੀ ਪ੍ਰਕਾਸ਼ਿਤ ਹੋ ਚੁੱਕਾ ਹੈ

### ਮੌਤ ਦੇ ਆਹਮੋ ਸਾਹਮਣੇ

ਮੌਤ ਜੇ ਘੁਲ ਜਾਵੇ ਹਵਾ ਵਿੱਚ ਕਦੇ,
ਕੀ ਸਾਹ ਲੈਣੇ ਬੰਦ ਕੀਤੇ ਜਾ ਸਕਦੇ
ਨੇ
ਲਹਿਰਾਂ ਵਿੱਚ ਰੁਲ ਗਏ ਸਾਹ ਜੋ
ਕਦੇ,
ਕੀ ਭਲਾਂ ਫੇਰ ਵਾਪਿਸ ਆ ਸਕਦੇ ਨੇ
ਦੀਵੇ ਬਾਲ ਕੇ ਮੌਤ ਕਦੇ ਨਹੀਂ ਟਲਦੀ
ਹੁੰਦੀ,
ਹਾਂ, ਗੰਦ ਵਿੱਚ ਲਿਪਟੇ ਕਰੋਨੇ ਸਾਨੂੰ
ਖਾ ਸਕਦੇ ਨੇ
ਦਰਦ ਵਿੱਚ ਲਿਪਟਿਆ ਕੋਈ ਲਵੇ
ਆਖਰੀ ਸਾਹ,
ਰੱਜ ਕੇ ਭਲਾ ਫਿਰ ਇਨਸਾਨ ਕਿਵੇਂ
ਖਾ ਸਕਦੇ ਨੇ
ਬੇਫਿਕਰ ਬੈਠੀ ਏ ਮਾਂ ਚੂਚੇ ਗੋਦੀ
ਵਿੱਚ ਲੁਕੋ ਕੇ,
ਕੀ ਹੋਇਆ ਬੇ-ਰਹਿਮ ਬਾਜ਼ ਵੀ ਆ
ਸਕਦੇ ਨੇ
ਹੱਥ ਵਿੱਚ ਹੱਥ ਦੇ ਕੇ ਕੰਧ ਬਣ
ਜੀਵੀਏ ਜੇ ਕਦੇ,
ਲੋਹੇ ਦੇ ਕਿਲੇ ਵੀ ਇਰਾਦੇ ਢਾਹ
ਸਕਦੇ ਨੇ।
ਫਰੇਬਾਂ ਦੇ ਨਾਲ ਕੁਰਸੀ ਜੋ ਅੱਜ
ਮੱਲੀਂ ਹਨ ਬੈਠੇ,
ਜਿਨ੍ਹਾਂ ਨੇ ਬਿਠਾਏ ਉਹੋ ਉਨ੍ਹਾਂ ਨੂੰ
ਲਾਹ ਸਕਦੇ ਨੇ।
ਪੱਥਰਾਂ ਜਾਂ ਚਾਰਦੀਵਾਰੀ 'ਚ ਭਾਲਦੇ
ਸਰਬ ਨਿਵਾਸੀ,
ਮੂਰਖ ਨੇ ਜੋ ਆਖਣ ਪੱਥਰ ਪਾਰ ਲਾ
ਸਕਦੇ ਨੇ।
ਗਾਵੀਂ ਨਾ ਗੀਤ ਕਦੇ ਪਾਣੀ ਤੇ ਲਿਖੇ
ਨਕਸ਼ਦੀਪ,
ਲਾਪਰਵਾਹੀ ਦੇ ਸੂਰਜ ਪਾਣੀ ਸੁਕਾ
ਸਕਦੇ ਨੇ।

**ਨਕਸ਼ਦੀਪ ਪੰਜਕੋਹਾ**
**ਅਮਰੀਕਾ**
**8146910997**
**gsnakshdeeppanjkoha@gmail.com**

## ਨਜ਼ਮ

# ਸਰਬਜੀਤ ਸੋਹੀ



ਸਰਬਜੀਤ ਸੋਹੀ ਆਸਟਰੇਲੀਆ ਵੱਸਦਾ ਪੰਜਾਬੀ ਕਵੀ ਹੈ। ਅਜੋਕੇ ਦੌਰ 'ਚ ਲਿਖੀ ਜਾ ਰਹੀ ਪ੍ਰਗਤੀਸ਼ੀਲ ਕਵਿਤਾ ਵਿਚ ਉਸਦਾ ਵਿਸ਼ੇਸ਼ ਸਥਾਨ ਹੈ। ਸੋਹੀ ਦੀ ਕਵਿਤਾ ਅਜੋਕੇ ਸਮਾਜ ਦੀ ਦੰਭੀ ਸੋਚ ਉੱਤੇ ਕਰਾਰੀ ਚੋਟ ਕਰਦਾ ਹੈ

## ਸੰਵੇਦਨਾ

ਤੁਹਾਡਾ ਦਾਨ.......
ਤੁਹਾਡੀ ਫਰਾਖ਼ਦਿਲੀ ਤੈਅ ਕਰਦਾ ਹੈ
ਤੁਹਾਡੀ ਕਿਰਤ.......
ਤੁਹਾਡੀ ਇਮਾਨਦਾਰੀ ਤੈਅ ਕਰਦੀ ਹੈ
ਪਰ ਤੁਹਾਡਾ ਸਵਾਲ
ਤੁਹਾਡੀ ਸੰਵੇਦਨਾ ਤੈਅ ਕਰਦਾ ਹੈ
ਵਰਨਾ ਮਾਸ ਦਾ ਲੋਥੜਾ
ਸੀਨੇ ਵਿੱਚ ਧੜਕਦਾ ਕਿਹਦੇ ਨਹੀਂ

**ਸਰਬਜੀਤ ਸੋਹੀ**
**ਆਸਟਰੇਲੀਆ**
**+61410584302**
**singhsarbjeet13@yahoo.com**

## ਨਜ਼ਮ

# ਪਰਮਿੰਦਰ ਸੋਢੀ



ਜਾਪਾਨ ਵਿਚ ਵੱਸਦਾ ਪਰਮਿੰਦਰ ਸੋਢੀ ਪੰਜਾਬੀ ਦਾ ਪ੍ਰਸਿੱਧ ਸ਼ਾਇਰ ਹੈ ਉਹ ਜਾਪਾਨ ਦੇ ਜ਼ੇਨ ਚਿੰਤਨ ਨੂੰ ਡੂੰਘੀ ਤਰ੍ਹਾਂ ਅਨੁਭਵ ਕਰਕੇ ਸਾਹਿਤ ਸਿਰਜਣਾ ਕਰ ਰਿਹਾ ਹੈ। ਜਾਪਾਨ ਦੀ ਕਾਵਿ ਸਿਨਫ਼ 'ਹਾਇਕੁ' ਦੀ ਪ੍ਰਫੁੱਲਤਾ ਲਈ ਵੀ ਉਸ ਨੇ ਬੜਾ ਯੋਗਦਾਨ ਪਾਇਆ ਹੈ

## ਬੇਬਸੀ

ਬਿਰਧ ਦੀ ਚੁੱਪ ਸੁਣੋ
ਤੇ ਸੁਣੋ ਹੰਝੂ ਦੀ ਬੇਬਸੀ

ਉਮਰਾਂ ਦੇ ਫ਼ਾਸਲੇ ਦੇਖੋ
ਨਾਲੇ ਦੇਖੋ ਦੂਰੀਆਂਲ਼ ਦੀ ਬੇਬਸੀ

ਘਰਾਂ ਦੀ ਘੁਟਨ ਮਹਿਸੂਸ ਕਰੋ
ਤੇ ਮਹਿਸੂਸ ਕਰੋ ਰਿਸ਼ਤਿਆਂ ਦੀ ਬੇਬਸੀ

ਕੁਦਰਤ ਦੀ ਜ਼ੋਰਾਵਰ ਤੋਰ ਦੇਖੋ
ਨਾਲੇ ਦੇਖੋ ਬੰਦੇ ਦੀ ਬੇਬਸੀ

**ਪਰਮਿੰਦਰ ਸੋਢੀ**
**ਓਸਾਕਾ,ਜਾਪਾਨ**
**+819059668670**
**sodhiparminder@gmail.com**

## ਨਜ਼ਮ

ਜੱਸ ਔਲਖ



ਖ਼ਾਲਸਾ ਕਾਲਜ, ਅੰਮ੍ਰਿਤਸਰ ਦੇ ਵਿਦਿਆਰਥੀ ਰਹੇ ਜੱਸ ਔਲਖ ਦਾ ਰੈਣ-ਬਸੇਰਾ ਕੈਲੇਫੋਰਨੀਆ (ਅਮਰੀਕਾ) ਵਿਖੇ ਹੈ। ਉਸ ਨੇ ਅਜੋਕੇ ਸਮੇਂ ਸਮੁੱਚੇ ਵਿਸ਼ਵ ਵਿਚ ਪਸਰੇ ਕੋਰੋਨਾ ਸੰਕਟ ਨੂੰ ਆਪਣੀ ਕਵਿਤਾ ਦਾ ਵਿਸ਼ਾ ਬਣਾਇਆ ਹੈ

### ਕੁਦਰਤ ਦਾ ਸੁਨੇਹਾ

ਸੁਣ ਕੁਦਰਤ ਕੀ ਕਹਿ ਰਹੀ ਬੰਦਿਆ।
ਆਪਣੀ ਔਕਾਤ 'ਚ ਰਹਿ ਬੰਦਿਆ।

ਗਾਗਰ ਵਿੱਚ ਸਾਗਰ ਪੈਣਾ ਨਹੀਂ।
ਤੇਰਾ ਹਵਾ ਨੇ ਮੰਨਣਾ ਕਹਿਣਾ ਨਹੀਂ।
ਤੇਰਾ ਅੱਗ ਤੇ ਕਾਬੂ ਰਹਿਣਾ ਨਹੀਂ।
ਨਾ ਨਾਲ ਪਹਾੜਾਂ ਖਹਿ ਬੰਦਿਆ।
ਆਪਣੀ ਔਕਾਤ 'ਚ ਰਹਿ ਬੰਦਿਆ

ਜ਼ਰਾ ਲਾ ਕੇ ਵੇਖ ਧਿਆਨ ਤੇਰਾ।
ਅੱਜ ਕਿੱਥੇ ਗਿਆ ਗਿਆਨ ਤੇਰਾ।
ਦੱਸ ਕੀ ਕਹਿੰਦੇ ਵਿਗਿਆਨ ਤੇਰਾ।
ਤੈਨੂੰ ਹਰ ਪਲ ਜਿਸਦੀ ਸ਼ਹਿ ਬੰਦਿਆ।
ਆਪਣੀ ਔਕਾਤ 'ਚ ਰਹਿ ਬੰਦਿਆ।

ਤੂੰ ਚੰਨ ਦੀਆਂ ਬਾਤਾਂ ਪਾਉਂਦਾ ਏਂ।
ਅੰਬਰਾਂ ਤੇ ਡੇਰੇ ਲਾਉਂਦਾ ਏਂ।
ਸੂਰਜ ਤੇ ਜਾਣਾ ਚਾਹੁੰਦਾ ਏਂ
ਘਰ ਆਪਣੇ ਟਿਕ ਕੇ ਬਹਿ ਬੰਦਿਆ
ਆਪਣੀ ਔਕਾਤ 'ਚ ਰਹਿ ਬੰਦਿਆ

ਤੂੰ ਗੰਧਲੇ ਕਰ ਤੇ ਨੀਰ ਮੇਰੇ।
ਤੂੰ ਅੰਬਰ ਦਿੱਤੇ ਚੀਰ ਮੇਰੇ।
ਤੂੰ ਹਿੱਕ ਵਿੱਚ ਬੋਏ ਖਮੀਰ ਮੇਰੇ।
ਕਿੱਥੇ ਮੰਨਦਾ ਏਂ ਤੂੰ ਭੈਅ ਬੰਦਿਆ।
ਆਪਣੀ ਔਕਾਤ 'ਚ ਰਹਿ ਬੰਦਿਆ।

ਇਹ ਜੋ ਉੱਡਦੇ ਸਪੇਸ ਕਰਾਫਟ ਜਿਹੇ।
ਤੇਰੇ ਟੈਂਕ, ਮਿਜ਼ਾਇਲਾਂ, ਰਾਕਟ ਜਿਹੇ।
ਤੇਰੇ ਤਰਦੇ ਬੇੜੇ ਘਾਤਕ ਜਿਹੇ।
ਮੈਂ ਪਲ ਵਿੱਚ ਕਰ ਦਊਂ ਖੇਹ ਬੰਦਿਆ।
ਆਪਣੀ ਔਕਾਤ 'ਚ ਰਹਿ ਬੰਦਿਆ

ਮੈਨੂੰ ਕਹਿੰਦੇ ਕੁਦਰਤ ਕਾਦਰ ਦੀ।
ਜੱਸ ਜੁਰੱਅਤ ਨਾ ਕਰੀ ਨਿਰਾਦਰ ਦੀ।
ਵੱਡੇ ਖੱਬੀ ਖਾਨ ਬਹਾਦਰ ਦੀ।
ਮੈਂ ਪਲ ਵਿੱਚ ਲਾ ਦਊਂ ਤਹਿ ਬੰਦਿਆ।
ਆਪਣੀਂ ਔਕਾਤ 'ਚ ਰਹਿ ਬੰਦਿਆ।

**ਜੱਸ ਔਲਖ**
**ਕੈਲੇਫੋਰਨੀਆ, ਅਮਰੀਕਾ**

## ਨਜ਼ਮ

## ਉਂਕਾਰਪ੍ਰੀਤ



ਉਂਕਾਰਪ੍ਰੀਤ ਕੈਨੇਡਾ ਵੱਸਦਾ ਗ਼ਜ਼ਲਗੋ ਹੈ। ਉਹ ਪੰਜਾਬੀ ਗ਼ਜ਼ਲ ਦੇ ਖੇਤਰ ਵਿਚ ਕਿਸੇ ਵੀ ਜਾਣ ਪਹਿਚਾਣ ਦਾ ਮੁਹਤਾਜ ਨਹੀਂ। 'ਪਿੱਪਲ ਦੀ ਕੈਨਵਸ' ਤੇ 'ਆਪਣੀ ਛਾਂ ਦੇ ਸ਼ਬਦ' ਦੋ ਗ਼ਜ਼ਲ ਪੁਸਤਕਾਂ ਸਮੇਤ ਕੁਝ ਹੋਰ ਪੁਸਤਕਾਂ ਵੀ ਉਹ ਮਾਂ ਬੋਲੀ ਦੀ ਝੋਲੀ ਵਿਚ ਪਾ ਚੁੱਕਾ ਹੈ

### ਕਰੋਨਾ ਵਾਇਰਸ

ਸਾਡੇ ਅੰਦਰੀਂ
ਮੁੱਦਤ ਤੋਂ ਸੀ ਕਰੋਨਾ
ਮੁੱਦਤ ਤੋਂ ਹੈ ਕਰੋਨਾ
ਬਾਹਰ ਹੀ ਹੁਣ ਦਿਸਿਐ।

ਕਿ ਹੁਣ ਅਸੀਂ ਖੁੱਲ੍ਹੇਆਮ
ਸੁਣਨ-ਕਹਿਣ-ਮੰਨਣ ਲੱਗੇ ਹਾਂ:

'ਜਦੋਂ ਕਿਸੇ ਨੂੰ ਮਿਲੋ
ਦੂਰੀ ਬਣਾ ਕੇ ਰੱਖੋ
ਹੱਥ ਨਾ ਮਿਲਾਓ
ਗੱਲਵਕੜੀ ਨਾ ਪਾਓ।'

ਊਂ ਵੀ ਤਾਂ ਅਸੀਂ ਮੁੱਦਤ ਤੋਂ
ਸਿਰਫ਼ ਨੇੜੇ ਹੀ ਖਲੋਂਦੇ ਹਾਂ
ਸਿਰਫ਼ ਹੱਥ ਹੀ ਮਿਲਾਉਂਦੇ ਹਾਂ
ਸਿਰਫ਼ ਗਲੇ ਹੀ ਲਗਦੇ-ਲਾਉਂਦੇ ਹਾਂ
ਪਰ.....
ਮਿਲਦੇ ਤਾਂ ਕਦੇ ਵੀ ਨਹੀਂ
ਮਿਲੇ ਤਾਂ ਕਦੀ ਵੀ ਨਹੀਂ।

ਉਂਕਾਰਪ੍ਰੀਤ
ਕੈਨੇਡਾ



**ਨਜ਼ਮ**

## ਇਕਵਿੰਦਰ ਸਿੰਘ



ਕੈਲੇਫੋਰਨੀਆ ਵੱਸਦਾ ਇਕਵਿੰਦਰ ਸਿੰਘ ਪੰਜਾਬੀ ਸਾਹਿਤ ਦਾ ਇੱਕ ਸਮਰੱਥ ਗ਼ਜ਼ਲਗੋ ਹੈ। ਉਸ ਦੀਆਂ ਗ਼ਜ਼ਲਾਂ ਸੂਖਮਤਾ, ਸੰਜਮਤਾ ਤੇ ਸੰਜੀਦਗੀ ਨਾਲ ਭਰਪੂਰ ਹਨ।

### ਗ਼ਜ਼ਲ

ਹੁਣ ਹੋਣਗੀਆਂ ਬਾਤਾਂ ਦੋ-ਚਾਰ ਕਦਮ
ਤੋਂ ਹੀ
ਸੱਜਣਾ ਇਹ ਮੁਲਾਕਾਤਾਂ ਦੋ-ਚਾਰ
ਕਦਮ ਤੋਂ ਹੀ

ਦਿਖਲਾ ਤੂੰ ਕਰਾਮਾਤਾਂ ਦੋ-ਚਾਰ
ਕਦਮ ਤੋਂ ਹੀ
ਸੱਜਣਾਂ ਤੂੰ ਸੁਣਾ ਬਾਤਾਂ ਦੋ-ਚਾਰ
ਕਦਮ ਤੋਂ ਹੀ

ਜਿਹਨਾਂ ਨੂੰ ਉਡੀਕਦਿਆਂ ਮੈਂ ਉਮਰ
ਗੁਜ਼ਾਰ ਲਈ,
ਮੁੜ ਗਈਆਂ ਉਹ ਬਰਸਾਤਾਂ ਦੋ-ਚਾਰ
ਕਦਮ ਤੋਂ ਹੀ

ਇੱਕ ਦਿਨ ਨੇੜੇ ਬਹਿ ਬਹਿ ਕੇ ਸਭ
ਯਾਦ ਕਰਾਂਗੇ ਇਹ,
ਹੁੰਦੀਆਂ ਜੋ ਮੁਲਾਕਾਤਾਂ ਦੋ-ਚਾਰ
ਕਦਮ ਤੋਂ ਹੀ

ਅਣ ਦਿੱਸਦੇ ਜਿਹੇ ਪਿੰਜਰੇ ਦੇ ਕੈਦੀ
ਹੋ ਗਏ ਹਾਂ,
ਹੁਣ ਹੋਣਗੀਆਂ ਝਾਤਾਂ ਦੋ-ਚਾਰ ਕਦਮ
ਤੇ ਹੀ

ਪਰਦੇਸ ਤੋਂ ਜੋ ਲੈ ਕੇ ਇਕਵਿੰਦਰ
ਆਇਆ ਏ,
ਸਰਕਾ ਦੇ ਉਹ ਸੌਗਾਤਾਂ ਦੋ ਚਾਰ
ਕਦਮਾਂ ਤੋਂ ਹੀ

### ਬਣਵਾਸ

ਚਾਰ ਦਿਨਾਂ ਵਿੱਚ ਤੜਫ਼ ਗਏ,
ਇਹ ਹੁੰਦਾ ਬਣਵਾਸ ਜਨਾਬ!

**ਇਕਵਿੰਦਰ ਸਿੰਘ**
**ਕੈਲੇਫੋਰਨੀਆ, ਅਮਰੀਕਾ**
**+1 (530) 315-9207**

## ਨਜ਼ਮ

## ਗੁਰਦੀਪ ਕਲਾਲਵਾਲਾ



ਗੁਰਦੀਪ ਕਲਾਲਵਾਲਾ ਪੰਜਾਬੀ ਚ ਲੰਮੇ ਸਮੇਂ ਤੋਂ ਲਿਖਦਾ ਹੈ। ਕਲਾਲ ਵਾਲਾ(ਬਠਿੰਡਾ) ਦਾ ਜੰਮਪਲ ਤੇ ਪਿਛਲੇ ਦਸ ਬਾਰਾਂ ਸਾਲ ਤੋਂ ਫਰੀਮੌਂਟ(ਅਮਰੀਕਾ) ਵੱਸਦਾ ਇਹ ਸ਼ਾਇਰ ਪੰਜਾਬ ਦੀ ਤਰਕਸ਼ੀਲ ਲਹਿਰ ਦਾ ਹਿੱਸਾ ਰਿਹਾ ਹੈ। ਵੱਡੇ ਵੀਰ ਜਸਵਿੰਦਰ ਦੇ ਬੁਲੰਦ ਗ਼ਜ਼ਲਗੋ ਹੋਣ ਕਾਰਨ ਸ਼ਬਦ ਸਾਧਨਾ ਦੀ ਗੁੜ੍ਹਤੀ ਗੁਰਦੀਪ ਨੇ ਘਰ ਤੋਂ ਹੀ ਹਾਸਲ ਕੀਤੀ ਹੈ।

## ਸ੍ਵੈ ਵਿਸ਼ਵਾਸ ਕਰੋ।

ਕਾਮਯਾਬ ਉਹ ਬੰਦਾ, ਖ਼ੁਦ ਤੇ ਜੋ
ਵਿਸ਼ਵਾਸ ਕਰੇ।
ਗੱਲ਼ ਜਦ ਪੈਣ ਬਲਾਵਾਂ, ਕੰਮ
ਦੁਆਵਾਂ ਕਰਦੀਆਂ ਨਹੀਂ।
ਏਕੇ ਨਾਲ ਮੁਕਾਬਲਾ, ਜੇਕਰ ਬਾਹਵਾਂ
ਕਰਦੀਆਂ ਨਹੀਂ।
ਨਾ ਟੂਣਾ, ਨਾ ਮੰਤਰ, ਨਾ ਕੋਈ ਕੰਮ
ਅਰਦਾਸ ਕਰੇ।
ਬਚ ਨਿਕਲੇ ਉਹ ਬੰਦਾ, ਖ਼ੁਦ ਤੇ ਜੋ
ਵਿਸ਼ਵਾਸ ਕਰੇ।

ਸੌਖੇ ਰਸਤੇ ਲਭਦੇ, ਉਹ ਮੰਜ਼ਲੋਂ ਹੀ
ਭਟਕ ਗਏ।
ਸਿਖਰ ਪਰਬਤੋਂ ਚੱਲੇ, ਵਾਦੀਆਂ
ਵਿੱਚ ਹੀ ਅਟਕ ਗਏ।
ਐਸੇ ਦਰਿਆਵਾਂ ਤੋਂ, ਮਾਰੂਥਲ ਕੀ
ਆਸ ਕਰੇ।

ਸਿਰ ਤੇ ਗਿਆਨ ਦਾ ਟੋਕਰਾ ,ਰੱਖ
ਜੋ ਤੁਰੇ ਬਜ਼ਾਰਾਂ ਨੂੰ,
ਹਾੜ੍ਹਾ ਈ ਮੁੜ ਆਵੇ,,,ਪਰਖ ਨਹੀ
ਸ਼ਾਹੂਕਾਰਾਂ ਨੂੰ ।
ਵਿੱਚ ਬਜ਼ਾਰ ਤਾਂ ਸੱਤ ਵੀ, ਆਪਣੀ
ਪੱਤ ਦਾ ਨਾਸ ਕਰੇ॥।

ਐਸੀ ਨਹੀਂ ਕੋਈ ਮੁਸ਼ਕਲ, ਜਿਸਦਾ
ਹੱਲ ਨਹੀਂ ਮਿਲਦਾ।
ਅੱਜ ਹੀ ਹੈ ਬੱਸ ਆਪਣਾ, ਅੱਜ ਨੂੰ
ਕੱਲ੍ਹ ਨਹੀਂ ਮਿਲਦਾ।
ਵਰਤਮਾਨ ਵਿੱਚ ਜਿਉਣਾ, ਹੀ ਸਾਰੇ
ਕੰਮ ਰਾਸ ਕਰੇ।

ਸੱਤ ਕੱਢ ਕੇ ਜੋ ਪੀ ਗਏ, ਰਿੜਕ ਕੇ
ਸੱਤ ਸਮੁੰਦਰਾਂ ਦਾ।
ਉਹਨਾਂ ਲਈ ਕੋਈ ਫਰਕ ਨਾ ਪੱਗਾਂ,
ਟੋਪੀਆਂ, ਮੁੰਦਰਾਂ ਦਾ।
ਸਮਾਂ ਅੱਗੇ ਵੱਲ ਵਧਦਾ,ਕੁਦਰਤ
ਸਦਾ ਵਿਕਾਸ ਕਰੇ।
ਬਚ ਨਿਕਲੇ ਉਹ ਬੰਦਾ ਖ਼ੁਦ ਤੇ ਜੋ
ਵਿਸ਼ਵਾਸ ਕਰੇ।

**ਗੁਰਦੀਪ ਕਲਾਲਵਾਲਾ**
**ਫਰੀਮੌਂਟ(ਅਮਰੀਕਾ)**
**001 (510) 584-7351**

## ਨਜ਼ਮ

## ਚੰਦ ਸਿੰਘ ਸਦਿਉੜਾ



ਪਿੰਡ ਲੰਡੇ, ਜਿਲ੍ਹਾ ਮੋਗਾ ਨਾਲ ਸਬੰਧਿਤ ਸ. ਚੰਦ ਸਿੰਘ ਸਦਿਉੜਾ 2004 ਵਿਚ ਅਧਿਆਪਨ ਦੇ ਖੇਤਰ ‘ਚ ਸੇਵਾ ਮੁਕਤ ਹੋਣ ਉਪਰੰਤ 2005 ਵਿਚ ਕੈਨੇਡਾ ਆ ਗਏ। ਬਚਪਨ ਤੋਂ ਹੀ ਸਾਹਿਤ ਨਾਲ ਲਗਾਓ ਰੱਖਣ ਵਾਲੇ ਚੰਦ ਸਿੰਘ ਨੇ ਕੈਨੇਡਾ ਦੀ ਧਰਤੀ ‘ਤੇ ਵੀ ਅਨੇਕਾ ਸਾਹਿਤ ਸਭਾਵਾਂ ਨਾਲ ਆਪਣੀ ਸਾਂਝ ਬਰਕਰਾਰ ਰੱਖੀ ਹੋਈ ਹੈ। ਮੌਜੂਦਾ ਸਮੇਂ ਪੰਜਾਬੀ ਨੈਸ਼ਨਲ ਅਖ਼ਬਾਰ ਕੈਲਗਰੀ ਦੇ ਕਮਿਊਨਿਟੀ ਰਿਪੋਰਟਰ ਵੀ ਹਨ

## ਅਰਜ਼ੋਈ

ਇਹ ਕੇਹੀ ਰੁੱਤ ਆਈ ਓ ਰੱਬਾ
ਖਲਕਤ ਤੇਰੀ ਮੁਰਝਾਈ ਓ ਰੱਬਾ
ਸਭ ਪਾਸੇ ਸੁੰਨਸਾਨ ਪਸਰੀ
ਪੀੜਿਤ ਦੇਣ ਦੁਹਾਈ ਓ ਰੱਬਾ

ਕੌਣ ‘ਕਰੋਨਾ’ ਕੈਸੀ ਬਲਾ
ਜਿਸਨੇ ਦਿੱਤੀ ਧਰਤ ਹਿਲਾ
ਭੇਜ ਖਾਂ ਕੋਈ ਧਨੰਤਰ ਉਪਰੋਂ,
ਲੱਭੇ ਕੋਈ ਦਵਾਈ ਓ ਰੱਬਾ
ਇਹ ਕੇਹੀ ਰੁੱਤ ਆਈ ਓ ਰੱਬਾ

ਸਕੂਲ ਕਾਲਜ ਬੰਦ ਹੋ ਗਏ
ਬੱਚੇ ਮਾਪੇ ਤੰਗ ਹੋ ਗਏ
ਔਨ ਲਾਈਨ ਹੁਣ ਕਰਨ ਪੜਾਈ,
ਮਜ਼ਬੂਰਨ ਵਿਧੀ ਚਲਾਈ ਓ ਰੱਬਾ
ਇਹ ਕੇਹੀ ਰੁੱਤ ਆਈ ਓ ਰੱਬਾ

ਪਿੰਡ ਸ਼ਹਿਰ ਕਰਫਿਊ ਵੱਸ ਹੋ ਗਏ
ਕੰਮ ਕਾਰ ਸਭ ਠੱਪ ਹੋ ਗਏ
ਕਾਮੇ ਸਾਰੇ ਬੇਵੱਸ ਹੋ ਗਏ,
ਕੋਈ ਨਾ ਹੋਤਿ ਸਹਾਈ ਓ ਰੱਬਾ
ਇਹ ਕੇਹੀ ਰੁੱਤ ਆਈ ਓ ਰੱਬਾ

ਕਈ ਮਰਗੇ ਕਈ ਮਰਨ ਕਿਨਾਰੇ
ਕੈਸੇ ਦਾਤਿਆ ਅਜ਼ਬ ਵਰਤਾਰੇ
ਧੰਨ ਨੇ ਸੱਚ ਮੁੱਚ ਡਾਕਟਰ ਨਰਸਾਂ,
ਜਾਨ ਜੋਖੋਂ ਵਿੱਚ ਪਾਈ ਓ ਰੱਬਾ
ਇਹ ਕੇਹੀ ਰੁੱਤ ਆਈ ਓ ਰੱਬਾ

ਅੱਡੀ ਚੋਟੀ ਦਾ ਜ਼ੋਰ ਲੱਗਾ ਸਰਕਾਰਾਂ ਦਾ
ਸੇਵਾ ਲਈ ਜੂਝੇ ਕਾਫਲਾ ਸੇਵਾਦਾਰਾਂ ਦਾ
ਅਜੇ ਤੱਕ ਕੋਈ ਰਾਹਤ ਨਾ ਦਿਸਦੀ,
ਮਾਰ ਪੈ ਰਹੀ ਦੂਣ ਸਵਾਈ ਓ ਰੱਬਾ
ਇਹ ਕੇਹੀ ਰੁੱਤ ਆਈ ਓ ਰੱਬਾ

ਕੁਝ ਸਿੱਖ ਓ ਬੰਦਿਆ ‘ਕਰੋਨਾ’ ਨਾਮੀ ਕਹਿਰ ਤੋਂ।
ਮਾਨਵਤਾ ਨੂੰ ਪ੍ਰਦੂਸ਼ਣ ਦੇ ਮਾਰੂ ਜ਼ਹਿਰ ਤੋਂ।
ਹੱਥ ਜੋੜ ‘ਚੰਦ’ ਕਰੇ ਅਰਜ਼ੋਈ,
ਸੁਣ ਮੇਰੀ ਕੂਕ ਦੁਹਾਈ ਓ ਰੱਬਾ
ਇਹ ਕੇਹੀ ਰੁੱਤ ਆਈ ਓ ਰੱਬਾ

**ਚੰਦ ਸਿੰਘ ਸਦਿਉੜਾ**
**ਕੈਲਗਰੀ ਕਨੇਡਾ**
001 587 583 7939

## ਨਜ਼ਮ

**ਰਵਿੰਦਰ ਕੌਰ**



ਗੁਰਦਾਸਪੁਰ ਜਿਲ੍ਹੇ ਦੇ ਪਿੰਡ ਤਿੱਬੜ ਦੀ ਜੰਮਪਲ ਰਵਿੰਦਰ ਕੌਰ ਨੱਤ ਅੱਜ ਕੱਲ੍ਹ ਓਨਟਾਰੀਓ ਸੂਬੇ ਦੇ ਸ਼ਹਿਰ ਨਿਆਗਰਾ ਫਾਲਜ਼ (ਕੈਨੇਡਾ) 'ਚ ਵਾਤਾਵਰਣ ਯੋਜਨਾਕਾਰ ਹੈ। ਗੁਰੂ ਅੰਗਦ ਦੇਵ ਵੈਟਰਨਰੀ ਯੂਨੀਵਰਸਿਟੀ ਲੁਧਿਆਣਾ ਦੇ ਮੱਛੀ ਪਾਲਣ ਕਾਲਜ ਤੋਂ ਬੀ. ਐੱਫ. ਐੱਸ. ਸੀ. ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਮਾਸਟਰਜ਼ ਡਿਗਰੀ ਕਰਕੇ 2017 ਤੋਂ ਕੈਨੇਡਾ 'ਚ ਕਰਮਸ਼ੀਲ ਹੈ

### ਸੰਕਟ ਵੇਲੇ ਸੋਚੀਏ

ਘੱਟ ਗਈਆਂ ਕਮਾਈਆਂ ਨੇ
ਫ਼ਿਜ਼ਾਵਾਂ ਨਿੱਖਰ ਆਈਆਂ ਨੇ।
ਬੰਦਿਆ! ਇਹ ਬਲਾਵਾਂ ਤੂੰ ਘਰ ਆਪ
ਬੁਲਾਈਆਂ ਨੇ।
ਇਹ ਚਹਿਕਦੀਆਂ ਚਿੜੀਆਂ, ਕਿੰਨ੍ਹੇ
ਸਾਲ ਰਵਾਈਆਂ ਨੇ।
ਦੁਆ ਵੀ ਕੰਮ ਕਰੂਗੀ ਜੇ ਨਾਲ
ਦਵਾਈਆਂ ਨੇ।

ਰੱਬ ਕਣ-ਕਣ ਵਿੱਚ ਹੈ ਜੋ ਕਰਦਾ
ਹੱਲ ਸਵਾਲਾਂ ਨੂੰ।
ਮੰਦਰਾਂ ਨੂੰ ਜ਼ਿੰਦੇ ਲਾ ਚੱਲੀਏ
ਹਸਪਤਾਲਾਂ ਨੂੰ।

ਕੁਦਰਤ ਜਰਾਸੀਮ ਸੁੱਟਿਆ ਹੁਣ ਤੂੰ
ਲੁਕਦਾ ਫਿਰਦਾ ਏਂ।
ਨਦੀਆਂ ਵਿੱਚ ਕੀ ਕੁਝ ਸੁੱਟਦਾ
ਰਿਹਾ ਤੂੰ ਕਿੰਨੇ ਚਿਰ ਦਾ ਏਂ।
ਬੈਠਕੇ ਘਰ ਆਪਣੇ ਸੋਚੀਂ ਤੂੰ ਕਿਹੜੀ
ਧਿਰ ਦਾ ਏਂ।
ਬਣਾਏ ਆਪਣੇ ਜਾਲ 'ਚ ਦੋਸਤ
ਜਾਂਦਾ ਆਪੇ ਈ ਘਿਰਦਾ ਏਂ।

ਇਹ ਮੱਛੀਆਂ ਮੱਛਰੀਆਂ ਤਾਂ ਹੀ
ਤੇਰੇ ਦੇਖਕੇ ਹਾਲਾਂ ਨੂੰ।
ਗੁਰੂ ਘਰ ਹੁਣ ਬਣਾਈਏ ਹਸਪਤਾਲਾਂ
ਨੂੰ।

ਅਸੀਂ ਤਾਂ ਜਾਨਵਰ ਵੰਡ ਲਏ ਇਹੀ
ਬਹੁਤ ਹੈ ਹਊਆ।
ਕਿਸੇ ਦਾ ਸੂਰ ਹੋ ਗਿਆ ਏ ਕਿਸੇ ਦੀ
ਹੋ ਗਈ ਗਊ ਆ।
ਸ਼ਰਾਬੀ ਪੀ ਕੇ ਪੁੱਛਦਾ ਏ ਜਦ ਪੀ
ਕੇ ਉਹ ਪਊਆ,
ਕਿ ਕੱਕਾ ਕਾਂ ਹੁੰਦਾ ਏ ਜਾਂ ਕੱਕਾ
ਫੇਰ ਕਊਆ।

ਕਿਸੇ ਦੀ ਪੱਗ ਟੋਪੀ ਤੇ ਇਤਰਾਜ਼
ਨਹੀਂ ਯਾਰਾ।
ਧਰਮ ਅਸਥਾਨ ਨਾ ਸਾਦੇ ਰਹੇ ਹੋ
ਗਏ ਨੇ ਪੰਜ ਤਾਰਾ।
ਚੜਾਵਾ ਵਰਤਦੇ ਕਿੱਥੇ ਪਤਾ ਥੋਨੂੰ
ਜਦ ਸਾਰਾ।
ਪੁੱਛਦੇ ਕਿਉਂ ਨਹੀਂ ਜਾ ਇਹ ਸਵਾਲ
ਕਰਾਰਾ।
ਤੁਸੀਂ ਕਿੱਥੇ ਰੱਖਦੇ ਓ ਦੁੱਧ ਚਾਦਰ
ਅਤੇ ਰੁਮਾਲਾਂ ਨੂੰ।
ਕਰਦੇ ਬੰਦ ਜੋ ਹੈ ਚੱਲੀਏ ਹਸਪਤਾਲਾਂ
ਨੂੰ।

ਕਿਸੇ ਨਾ ਲੈਣੇ ਦੇਣੇ ਚੋਂ ਨਾ ਢੋਲਕ
ਛੈਣੇ ਚੋਂ,
ਨਾ ਹੱਥ ਪਾਏ ਛੱਲੇ ਤੇ ਨਾ ਗਲ ਦੇ
ਗਹਿਣੇ ਤੋਂ,
ਜੇ ਬਚ ਸਕਦਾਂ ਤਾਂ ਬੱਸ ਘਰ ਬੈਠੇ
ਰਹਿਣੇ ਚੋਂ,
ਪਹਿਲਾਂ ਤੂੰ ਬਾਹਰ ਸੀ ਹੋਇਆ ਹੁਣ
ਰੱਬ ਐ ਕਹਿਣੇ ਚੋਂ,
ਚੱਲ ਆਰਾਮ ਮਿਲ ਗਿਆ ਤੇਰੇ
ਟੱਲੀਆਂ ਤੇ ਖੜਤਾਲਾਂ ਨੂੰ,
ਦੁਕਾਨਾਂ ਨੂੰ ਜਿੰਦੇ ਲਾ ਚੱਲੀਏ
ਹਸਪਤਾਲਾਂ ਨੂੰ,

ਸਿਰ ਢੱਕਦੇ ਢੱਕਦੇ ਵੇਖ ਹੁਣ ਮੂੰਹ
ਵੀ ਢਕਣਾ ਪਿਆ,

ਅੱਜ ਕੀ ਜ਼ਰੂਰੀ ਹੈ ਸਾਨੂੰ ਮੁੜਕੇ
ਤੱਕਣਾ ਪਿਆ,
ਡਿੱਗੀ ਡੂੰਘੀ ਪਾਤਾਲਾਂ 'ਚ ਸਾਡੀ ਸੋਚ
ਨੂੰ ਚੱਕਣਾ ਪਿਆ,
ਸੀ ਰੁਕਦਾ ਨਹੀਂ ਮਸ਼ੀਨੀਕਰਨ ਪਰ
ਅੱਜ ਤਾਂ ਥੱਕਣਾ ਪਿਆ,
ਵੇਖਕੇ ਹੱਸਦੀ ਐ ਕੁਦਰਤ ਕਾਰੋਬਾਰ
ਵਿਸ਼ਾਲਾਂ ਨੂੰ,
ਕਰੀਏ ਬੰਦ ਫ਼ੈਕਟਰੀ ਚੱਲੀਏ
ਹਸਪਤਾਲਾਂ ਨੂੰ,

ਜੇ ਅੱਜ ਨਾ ਕੀਤੀ ਤਾਂ ਫੇਰ ਕਦੋਂ
ਕਰਨੀਆਂ ਸਿਫ਼ਤਾਂ,
ਡਾਕਟਰ ਨਰਸ ਜੋ ਲਗਨਾਂ ਨਾਲ ਕਰ
ਰਹੇ ਸ਼ਿਫਟਾਂ,
ਕਿੰਨਿਆਂ ਨੂੰ ਬਖਸ਼ੀਆਂ ਇਹਨਾਂ ਸਾਹਾਂ
ਦੀਆਂ ਕਿਸ਼ਤਾਂ,
ਨੀਵੀਂ ਪਾ ਲੀ ਦੇਖ ਜੋ ਕਹਿੰਦਾ ਸੀ
ਮੈਂ ਫ਼ਰਿਸ਼ਤਾ,
ਸੇਵਾਦਾਰ ਸਾਫ਼ ਰੱਖਦੇ ਜੋ ਹਸਪਤਾਲਾਂ
ਨੂੰ,
ਰੱਖੀ ਸਾਂਭ ਰੱਬ ਅੱਲਾ ਭਗਵਾਨ ਤੇਰੇ
ਬਾਲਾਂ ਨੂੰ,,,

**ਰਵਿੰਦਰ ਕੌਰ**
**ਨਿਆਗਰਾ ਫਾਲਜ਼(ਕੈਨੇਡਾ)**

## .ਗ਼ਜ਼ਲ

## ਬੀਬੀ ਸੁਰਜੀਤ ਕੌਰ



'ਚਿਹਰੇ ਤੋਂ ਜਦ ਪਰਦੇ ਚੁੱਕੇ ਦੋਗਲੀਆਂ ਤਸਵੀਰਾਂ ਮਿਲੀਆਂ।'

ਉਪਰੋਕਤ ਸਤਰਾਂ ਲਿਖਣ ਵਾਲੀ ਤੇ ਸੈਕਰਾਮੈਂਟੋ ਵਿੱਚ ਵੱਸਦੀ ਬੀਬੀ ਸੁਰਜੀਤ ਕੌਰ ਉਹ ਲੇਖਿਕਾ ਹੈ, ਜਿਸਦਾ ਆਪਣੀ ਗੱਲ ਕਹਿਣ ਦਾ ਆਪਣਾ ਇੱਕ ਵੱਖਰਾ ਹੀ ਅੰਦਾਜ਼ ਹੈ

## .ਗ਼ਜ਼ਲ

ਇਹ ਕਿਸ ਦੀ ਸੌੜੀ ਸੋਚ ਤੋਂ
ਬਣਿਆ ਕਰੋਨਾ ਕਹਿਰ ਹੈ
ਪੌਣਾਂ ਦੇ ਵਿੱਚ ਵੀ ਜ਼ਹਿਰ ਹੈ
ਸਾਹਾਂ ਦੇ ਵਿੱਚ ਵੀ ਜ਼ਹਿਰ ਹੈ।

ਧਰਤੀ ਹੈ ਧਾਹਾਂ ਮਾਰ ਰਹੀ
ਅਸਮਾਨ ਅੱਥਰੂ ਕੇਰਦਾ
ਸਾਗਰ ਵੀ ਹਉਕੇ ਭਰ ਰਿਹਾ
ਰੋਂਦੀ ਪਈ ਹਰ ਲਹਿਰ ਹੈ।

ਹਰ ਘਰ ਦਾ ਬੂਹਾ ਬੰਦ ਹੈ
ਗਲੀਆਂ ਪਈਆਂ ਸੁੰਨਸਾਨ ਨੇ
ਹਰ ਮੁਲਕ ਹੀ ਭੈਅ ਭੀਤ ਹੈ
ਕੰਬਦਾ ਪਿਆ ਹਰ ਸ਼ਹਿਰ ਹੈ।

ਬੱਚਿਆਂ ਦੇ ਝੁਰਮੁਟ ਤੈਰਦੇ
ਜਿਸ ਵਿੱਚ ਸੀ ਛਾਲਾਂ ਮਾਰ ਕੇ
ਕਿਉਂ ਸਹਿਮੀ ਸਹਿਮੀ ਤੁਰ ਰਹੀ
ਮੇਰੇ ਪਿੰਡ ਵਾਲੀ ਨਹਿਰ ਹੈ।

ਰਾਤਾਂ ਦੀ ਨੀਂਦਰ ਉੱਜੜੀ
ਦਿਨ ਵੀ ਬੜੇ ਉਦਾਸ ਨੇ
ਸ਼ਾਮਾਂ ਵੀ ਗੁੰਮਸੁੰਮ ਹੋ ਗਈਆਂ
ਪਈ ਤੜਪਦੀ ਹਰ ਸਹਿਰ ਹੈ।

ਅੱਜ ਸਾਜ਼ ਵੀ ਖਾਮੋਸ਼ ਨੇ
ਚੁੱਪ ਚਾਪ ਬੈਠਾ ਰਿਦਮ ਹੈ
ਗੀਤਾ ਨੇ ਧੌਣਾਂ ਸੁੱਟੀਆਂ
ਗ਼ਜ਼ਲਾਂ ਦੀ ਉੱਖੜੀ ਬਹਿਰ ਹੈ।

ਬੱਸ ਇੱਕੋ ਹੀ ਗੱਲ ਯਾਦ ਹੈ
ਆਇਆ ਕਰੋਨਾ ਆ ਗਿਆ
ਹੈ ਖੌਫ ਹਰ ਥਾਂ ਮੌਤ ਦਾ
ਡਰ ਕੇ ਵਕਤ ਗਿਆ ਠਹਿਰ ਹੈ।

ਸ੍ਰਿਸ਼ਟੀ ਬਚਾ ਲੈ ਮਾਲਕਾ
ਸੁਰਜੀਤ ਵਾਜਾਂ ਮਾਰਦੀ
ਦੁਨੀਆਂ ਨੂੰ ਖਾਈ ਜਾਂਵਦੀ
ਇਹ ਪੀੜ ਅੱਠੇ ਪਹਿਰ ਹੈ।

**ਬੀਬੀ ਸੁਰਜੀਤ ਕੌਰ ਸੈਕਰਾਮੈਂਟੋ ਅਮਰੀਕਾ**
**+(916)687-3536**
**bibisurjitkaur@icloud.com**

# ਨਜ਼ਮ
## ਹਰਸ਼ਰਨ ਕੌਰ



ਹਰਸ਼ਰਨ ਕੌਰ ਵੈਨਕੂਵਰ ਵੱਸਦੀ ਪੰਜਾਬੀ ਕਵਿੱਤਰੀ ਹੈ। ਹੁਣ ਤਕ ਉਹ ਪੰਜ ਕਾਵਿ-ਸੰਗ੍ਰਹਿ ਅਤੇ ਇਕ ਹਾਇਕੁ-ਸੰਗ੍ਰਹਿ ਸਾਹਿਤ ਦੀ ਝੋਲੀ ਪਾ ਚੁੱਕੇ ਹਨ। ਇਹਨਾਂ ਨੇ ਆਪਣੀਆਂ ਰਚਨਾਵਾਂ ਵਿਚ ਪਰਵਾਸੀ ਚੇਤਨਾ ਦੇ ਵਿਭਿੰਨ ਪਸਾਰਾਂ ਨੂੰ ਅਗਰਸਰ ਕੀਤਾ ਹੈ

### ਨਜ਼ਮ

ਸੰਨਾਟੇ ਦਾ ਮੰਜ਼ਰ ਏਹ ਵੇਖ
ਦਿਨ ਦੀ ਰਾਤ ਵਾਗੂੰ ਬਣ ਰਹਿੰਦਾ ਹੈ।
ਫਿਰ ਕਦੋਂ ਚਾਨਣੀ ਪ੍ਰਭਾਤ ਹੋਵੇਗੀ
ਦਿਲ 'ਚ ਬਸ ਫਿਕਰ ਬਣ ਰਹਿੰਦਾ ਹੈ।
ਕੇਹੀ ਮਹਾਂਮਾਰੀ ਹੈ ਫੈਲੀ ਚਹੁੰ ਤਰਫੇ
ਕੋਈ ਵੀ ਸਕੂਨ ਮੁਮਕਿਨ ਨਹੀਂ ਹੈ।
ਰੁੱਖਾਂ 'ਤੇ ਪੰਛੀ ਆਲਣਿਆਂ 'ਚ ਆਜ਼ਾਦ
ਮਨੁੱਖੀ ਘਰਾਂ ਦਾ ਦਰ ਬੰਦ ਰਹਿੰਦਾ ਹੈ।
ਮਚਾਈ ਹੈ ਕਰੋਨਾ ਵਾਇਰਸ ਨੇ ਤਬਾਹੀ
ਮੈਂ ਬੋਟ ਵੀ ਨਜ਼ਰਬੰਦ ਹੋ ਗਿਆ
ਫ਼ਰਕ ਸਿਰਫ਼ ਨਜ਼ਰਾਂ 'ਚ ਹੀ ਨਹੀਂ ਹੋਇਆ
ਮਨ ਵੀ ਉਸਦਾ ਕਿਧਰੇ ਬੰਦ ਰਹਿੰਦਾ ਹੈ
ਰਹੇਗਾ ਯਾਦ ਉਮਰ ਭਰ ਇਹ ਸਮਾਂ
ਕਿਵੇਂ ਬੇਬਸੀ ਵਿਚ ਗੁਜ਼ਾਰੇ ਦਿਨ ਆਦਮੀ
ਹਰ ਸਖ਼ਸ਼ ਵਿਚ ਫਾਸਲਾ ਇਸ ਤਰ੍ਹਾਂ ਹੋਇਆ
ਇਕ ਦੂਜੇ ਨੂੰ ਮਿਲਣ ਦਾ ਭੈਅ ਬਣ ਰਹਿੰਦਾ ਹੈ
ਨਵੀਂ ਟੈਕਨਾਲੋਜੀ ਤਾਂ ਪਹਿਲਾਂ ਹੀ ਸੀ ਹਾਵੀ
ਦਹਿਸ਼ਤੀ ਖ਼ਬਰਾਂ ਹੋਰ ਉਲਝਾਈ ਇਨਸਾਨੀਅਤ
ਹਰ ਕੋਈ ਸੋਚਦਾ ਮਹਾਂਮਾਰੀ ਖ਼ਤਮ ਹੋਵੇ
ਇਹ ਫ਼ਿਕਰ ਹੋ ਰਹੀ ਏ, ਇੰਤਜਾਰ ਬਣ ਰਹਿੰਦਾ ਹੈ

**ਹਰਸ਼ਰਨ ਕੌਰ**
**ਕੈਨੇਡਾ**
**+7788283048**

## ਨਜ਼ਮ

# ਨਿਰਮਲ ਸਿੰਘ ਕੰਧਾਲਵੀ



ਨਿਰਮਲ ਸਿੰਘ ਕੰਧਾਲਵੀ ਪਿਛਲੇ 50 ਸਾਲ ਤੋਂ ਇੰਗਲੈਂਡ ਵਾਸੀ ਹਨ। ਹਾਸ-ਵਿਅੰਗ ਲਿਖਣ 'ਚ ਉਨਾਂ ਨੂੰ ਵਿਸ਼ੇਸ਼ ਮੁਹਾਰਤ ਹਾਸਲ ਹੈ। ਦੁਆਬੇ ਦੇ ਪਿੰਡ ਕੰਧਾਲਾ ਜੱਟਾਂ (ਹੁਸ਼ਿਆਰਪੁਰ) ਦੇ ਜੰਮਪਲ ਸ: ਨਿਰਮਲ ਸਿੰਘ ਜੀ. ਜੀ. ਐੱਨ. ਖ਼ਾਲਸਾ ਕਾਲਿਜ ਲੁਧਿਆਣਾ ਦੇ 1964 ਦੇ ਗਰੈਜੁਏਟ ਹਨ। ਪੜ੍ਹਾਈ ਕਰਨ ਉਪਰੰਤ ਚਾਰ ਸਾਲ ਪੰਜਾਬ ਸਰਕਾਰ ਦੇ ਵੈਟਰਨਰੀ ਮਹਿਕਮੇ 'ਚ ਸਰਵਿਸ ਕਰਕੇ 1977 'ਚ ਇੰਗਲੈਂਡ ਨੂੰ ਚਾਲੇ ਪਾਏ। ਸ. ਕੰਧਾਲਵੀ ਜੀ ਇੰਗਲੈਂਡ ਦੇ ਕਈ ਰੇਡੀਓ ਤੇ ਟੀ. ਵੀ. ਚੈਨਲਜ਼ ਲਈ ਕੰਮ ਕਰ ਚੁਕੇ ਹਨ। ਅੱਜ ਕੱਲ੍ਹ ਆਪ ਸਿੱਖ ਚੈਨਲ ਬਰਮਿੰਘਮ ਲਈ ਮੁਲਾਕਾਤਾਂ ਕਰਦੇ ਹਨ।

## ਅੱਜ ਆਖਾਂ ਗੱਪੀ ਠਾਕਰਾ

ਅੱਜ ਆਖਾਂ ਗੱਪੀ ਠਾਕਰਾ,ਕਿਤੇ ਫੇਰ ਪੰਜਾਬੋਂ ਬੋਲ।<br>
ਤੇ ਫੇਰ ਕਿਤਾਬੇ-ਗਪੌੜ ਦਾ ਕੋਈ ਅਗਲਾ ਵਰਕਾ ਫੋਲ।<br>
ਤੂੰ ਰੱਜ ਰੱਜ ਗੱਪਾਂ ਮਾਰੀਆਂ ਤੇ ਲਾਹੀ ਸ਼ਰਮ ਹਯਾ।<br>
ਸੁਰਗਾਂ 'ਚੋਂ ਮੰਗਾਵੇਂ ਸੰਤਰੇ ਰੱਬ ਹੇਠਾਂ ਲਾਹ ਲਿਆ।<br>
ਹੁਣ ਕਿਹੜੀ ਗੁੱਠੇ ਵੜ ਗਿਉਂ ਸਭ ਰਹੇ ਨੇ ਤੈਨੂੰ ਟੋਲ੍ਹ।<br>
ਤੇ ਅੱਜ ਕਿਤਾਬੇ-ਗਪੌੜ ਦਾ ਕੋਈ ਅਗਲਾ ਵਰਕਾ ਫੋਲ।

ਬ੍ਰਹਮ ਕਵਚ ਕਿੱਥੇ ਰੱਖਿਆ ਕਿਉਂ ਨਹੀਂ ਕੱਢਦਾ ਬਾਹਰ।<br>
ਤੂੰ ਕੁੱਤਿਆਂ ਨੂੰ ਸੈਂ ਮਾਰਦਾ ਹੁਣ ਕਰੋਨਾ ਨੂੰ ਵੀ ਮਾਰ।<br>
ਰੱਖ ਕਵਚ ਨਾ ਸਾਂਭ ਕੇ ਹੁਣ ਰੱਸੀ ਏਹਦੀ ਖੋਲ੍ਹ।<br>
ਤੇ ਅੱਜ ਕਿਤਾਬੇ-ਗਪੌੜ ਦਾ ਕੋਈ ਅਗਲਾ ਵਰਕਾ ਫੋਲ।

ਮਿੱਟੀ ਦੀਆਂ ਤੇਰੀਆਂ ਗੋਲੀਆਂ ਦਿੰਦੀਆਂ ਨੇ ਮੁੰਡੇ ਜੰਮ।<br>
ਪੁਲ ਚੌੜੇ ਕਰਦੈਂ ਗੱਪੀਆ ਹੈਨ ਗੱਪਾਂ ਤੇਰੀਆਂ ਧੰਨ।<br>
ਆ ਜਾ ਜਲਦੀ ਬਾਹਰ ਤੂੰ ਹੁਣ ਗੱਪ ਨਵੀਂ ਕੋਈ ਭੋਰ।<br>
ਤੇ ਅੱਜ ਕਿਤਾਬੇ-ਗਪੌੜ ਦਾ ਕੋਈ ਅਗਲਾ ਵਰਕਾ ਫੋਲ।<br>
ਅੱਜ ਆਖਾਂ ਗੱਪੀ ਠਾਕਰਾ ਕਿਤੇ ਫੇਰ ਪੰਜਾਬੋਂ ਬੋਲ

**ਨਿਰਮਲ ਸਿੰਘ ਕੰਧਾਲਵੀ**<br>
**ਬਰਮਿੰਘਮ, ਯੂ. ਕੇ.**

## ਨਜ਼ਮ

## ਕਰਮ ਲੁਧਿਆਣਵੀ



ਕਰਮ ਲੁਧਿਆਣਵੀ ਹਿਊਸਟਨ (ਅਮਰੀਕਾ) ਵੱਸਦੇ ਕਵੀ ਹਨ। ਗੁਰੂ ਨਾਨਕ ਇੰਜਨੀਰਿੰਗ ਕਾਲਿਜ ਲੁਧਿਆਣਾ ਤੋਂ 1971 'ਚ ਮਕੈਨੀਕਲ ਇੰਜਨੀਰਿੰਗ ਕਰਕੇ ਪਹਿਲਾਂ ਕੈਲਗਰੀ (ਕੈਨੇਡਾ) ਚਲਾ ਗਏ। ਇਥੇ ਹੋਰ ਉਚੇਰੀ ਪੜ੍ਹਾਈ ਕਰਕੇ ਪੈਟਰੋਲੀਅਮ ਉਦਯੋਗ 'ਚ ਲੰਮਾ ਸਮਾਂ ਕੰਮ ਕਰਨ ਉਪਰੰਤ ਹੁਣ ਅਮਰੀਕਾ 'ਚ ਵੱਸਦੇ ਹਨ। ਪੰਜਾਬੀ ਬਾਲ ਸਾਹਿੱਤ ਲੇਖਕ ਸ. ਮਹਿੰਦਰ ਸਿੰਘ ਮਾਨੂੰਪੁਰੀ ਜੀ ਦੀ ਪ੍ਰੇਰਨਾ ਨਾਲ ਸਾਹਿੱਤ ਵੱਲ ਤੁਰੇ।

### ਹਿਦਾਇਤ ਐਨ. ਆਰ. ਆਈ. ਇੰਡੀਆ ਵਿਜ਼ਿਟ

ਤੁਮ ਉਤਸ਼ਾਹ ਸੇ ਇੰਡੀਆ ਜਾਇਆ
ਨਾ ਕਰੋ।
ਆਜ ਕਲ ਕਰੋਨਾ ਕਾ ਬੜਾ ਸ਼ੱਕ
ਕਰਤੇ ਹੈਂ, ਕੋਈ ਪੁਲਿਸ ਵਾਲਾ ਪਕੜ
ਬੈਠਾ
ਤੋ ਫਿਰ, ਤੋ ਫਿਰ ਕਿਆ ਹੋਗਾ
ਤੁਮ ਇਲਜ਼ਾਮ ਖੇਲ ਮੇਂ ਫਸ
ਜਾਇਆ ਨਾ ਕਰੋ
ਬਾਹਰ ਸੇ ਐਕਟਰ ਲੀਡਰ ਹੋ ਕਰ
ਆਤੇ ਹੈਂ
ਜੁਰਮ ਐਨ. ਆਰ. ਆਈ. ਪੇ ਆ
ਜਾਏ
ਤੋ ਫਿਰ, ਤੋ ਫਿਰ ਕਿਆ ਹੋਗਾ

ਤੁਮ ਵਿਦੇਸ਼ੀ ਜੈਕਟ ਬਾਹਰ ਪਾਇਆ
ਨਾ ਕਰੋ
ਕਾਲੀ ਐਨਕ ਪਰ ਭੀ ਸ਼ੱਕ ਕਰਤੇ
ਹੈਂ
ਪਹਿਚਾਨ ਇਸ ਸੇ ਕਹੀਂ ਨਿਕਲ
ਜਾਏ
ਤੋ ਫਿਰ, ਤੋ ਫਿਰ ਕਿਆ ਹੋਗਾ

ਆਫ਼ਤ ਆਤੇ ਹੀ ਦੇਰੀ ਲਾਇਆ ਨਾ
ਕਰੋ
ਵਾਪਿਸ ਕੀ ਫਲਾਇਟ ਭੀ ਕੈਂਸਲ ਹੋ
ਜਾਤੀ ਹੈਂ
ਜਾਂ ਫਿਰ ਡੇਂਗੂ ਹੀ ਕੋਈ ਪਕੜ
ਜਾਏ,
ਤੋ ਫਿਰ, ਤੋ ਫਿਰ ਕਿਆ ਹੋਗਾ

ਤੁਮ ਕਬੱਡੀ ਕੇ ਮੈਚ ਕਰਵਾਇਆ
ਨਾ ਕਰੋ
ਟਾਂਗ ਬਾਂਹ ਖੇਲ ਮੇਂ ਘਾਇਲ ਹੋ ਜਾਤੀ
ਹੈ
ਖ਼ਰਚਾ ਬਦਨਾਮੀ ਸਿਰ ਪੇ ਆ ਬੈਠੇ,
ਤੋ ਫਿਰ, ਤੋ ਫਿਰ ਕਿਆ ਹੋਗਾ
ਤੁਮ ਜਜ਼ਬਾ ਲੰਗਰ ਚਲਾਇਆ ਨਾ
ਕਰੋ

ਉਮੀਦਵਾਰ ਕੀ ਉਂਮੀਦ ਹੀ ਪੂਰੀ
ਹੋਤੀ ਹੈ
ਕੋਈ ਤੁਮਾਰੀ ਕਮਜ਼ੋਰੀ ਸਮਝ ਬੈਠਾ,
ਤੋ ਫਿਰ, ਤੋ ਫਿਰ ਕਿਆ ਹੋਗਾ

ਆਧੀ ਰਾਤ ਫੋਨ ਭੀ ਉਠਾਇਆ ਨਾ
ਕਰੋ
ਤੁਮਾਰੀ ਸ਼ਿਫਟ ਕਾ ਉਨਕੋ ਅਹਿਸਾਸ
ਨਹੀਂ
ਦੋ ਦਿਨ ਫੋਨ ਅਗਰ ਰੂਠ ਜਾਏ,
ਤੋ ਫਿਰ, ਤੋ ਫਿਰ ਕਿਆ ਹੋਗਾ

ਜਾ ਕਰ ਛੁੱਟੀਆਂ ਵਹਾਂ ਮਨਾਇਆ
ਨਾ ਕਰੋ
ਬੁਰੀ ਬਿਮਾਰੀ ਭੀ ਵਹਾਂ ਸੇ ਲਿਪਟ
ਸਕਤੀ ਹੈ,
ਉਮਰ ਭਰ ਫਿਰ ਨਾ ਪਲਟ ਪਾਈ
ਤੋ ਫਿਰ, ਤੋ ਫਿਰ ਕਿਆ ਹੋਗਾ

ਮੋਗੇ ਲੁਧਿਆਣੇ ਸ਼ੇਖੀ ਲਾਇਆ ਨਾ
ਕਰੋ

ਡਬਲ ਸ਼ਿਫਟਾਂ ਕਾ ਕਾਮ ਕਠਿਨ ਹੋਤਾ
ਹੈ
ਅਗਰ ਛੁੱਟੀ ਕਾਮ ਸੇ ਹੋ ਜਾਏ ਤੋ
ਫਿਰ, ਤੋ ਫਿਰ ਕਿਆ ਹੋਗਾ ਤੋ ਫਿਰ
ਕਿਆ ਹੋਗਾ
ਯਾਦ ਫਿਰ ਆਏ, ਲੁਧਿਆਣਾ ਮੋਗਾ
ਤੁਮ ਉਤਸ਼ਾਹ ਸੇ ਇੰਡੀਆ ਜਾਇਆ
ਨਾ ਕਰੋ...

**ਕਰਮ ਲੁਧਿਆਣਵੀ**
**ਹਿਊਸਟਨ, ਅਮਰੀਕਾ**
001832 766 8742

**ਪਰਵਾਸੀ ਸਾਹਿਤ ਅਧਿਅਨ ਕੇਂਦਰ**
**ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ,**
**ਲੁਧਿਆਣਾ**
**ਸਾਲਾਨਾ ਪਰਵਾਸੀ ਕਾਨਫ਼ਰੰਸ**
**12-13 ਫ਼ਰਵਰੀ, 2021**

**ਸੰਪਰਕ:**
**+9195010-27522** **+9187290-80250**

# ਹੋਰ ਕਵਿਤਾਵਾਂ

## ਨਜ਼ਮ

ਗੱਲਾਂ ਖੁਦ ਤੋਂ ਖੁਦ ਦੇ ਵਿਚਕਾਰ
ਦੀਆਂ
ਕਿਉਂ ਹੋ ਗਈਆਂ ਸਮਝੋ ਬਾਹਰ
ਦੀਆਂ
ਆਕੜ, ਆਲਸ, ਆਸ਼ਕੀ ਛੱਡਣੀ
ਪੈਣੀ
ਨਹੀਂ ਨਿਸ਼ਾਨੀਆਂ ਬੰਦੇ ਜ਼ਿੰਮੇਵਾਰ
ਦੀਆਂ
ਬੁਜਦਿਲੀ ਬਹਾਨੇਬਾਜ਼ੀ ਰੱਖ ਦੇ ਪਾਸੇ
ਤੂੰ
ਕਿ ਇਹੀ ਕਾਰਨ ਬਣਦੀਆਂ ਹਾਰ
ਦੀਆਂ
ਹੌਂਸਲਾ ਤਾਲਮੇਲ ਤੇ ਰੱਖੋ ਏਕਤਾ
ਕਾਇਮ
ਜਿੱਤਣ ਲਈ ਲੋੜਾਂ ਨਾ ਹਥਿਆਰ
ਦੀਆਂ
ਘੜੀ ਬੰਨ ਕੇ ਵੀ ਵਕਤ ਦੇ ਪਾਬੰਦ
ਨਹੀਂ
ਗੱਲਾਂ ਕਰਦੇ ਤੁਸੀਂ ਮੰਜ਼ਿਲਾਂ ਤੋਂ ਪਾਰ
ਦੀਆਂ
ਬਿਨ ਕੋਸ਼ਿਸ਼ ਕੀਤੇ ਦੋਸ਼ ਕਿਸਮਤ ਨੂੰ
ਦੇਣਾ
ਇਹੀ ਗੱਲਾਂ 'ਜਗਮੀਤ' ਬੰਦੇ ਨੂੰ ਮਾਰ
ਦੀਆਂ

**ਜਗਮੀਤ ਮੱਤਾ**

## ਨਜ਼ਮ

ਸਿੱਖਣ ਲਈ ਅਮੁੱਲ ਭੰਡਾਰ ਹੈ
ਕਰੋਨਾ ਦੇ ਚੱਕਰਵਿਊ 'ਚੋਂ
ਪਰ ਮੈਂ ਸਿੱਖ ਲਿੱਤਾ
ਫ਼ਕੀਰੀ ਦਾ ਇਜ਼ਹਾਰ ਕਰਨਾ
ਮਨ ਦੀ ਬਾਤ ਸੁਣਾਉਣਾ
ਪ੍ਰਜਾ ਨੂੰ ਅੰਧ-ਵਿਸ਼ਵਾਸ ਦੀ ਗੁੜਤੀ
ਦੇਣਾ
ਤੇ ਸਮਾਜਿਕ ਸੋਸ਼ਣ ਬਾਰੇ
ਬੋਅ ਦਿੱਤੇ ਨਫ਼ਰਤ ਦੇ ਬੀਜ
ਤੇ ਹੁਣ ਤਲਾਸ਼ ਵਿੱਚ ਹਾਂ
ਪੈਲੀ ਨੂੰ ਭੱਤਾ ਲੈ ਕੇ ਜਾਂਦੀ
ਮੁਟਿਆਰ ਦੀ
ਖੇੜਿਆਂ 'ਚੋਂ ਖੁਸ਼ੀ ਦੇ ਆਲਮ ਦੀ
ਇੱਕ ਇਹੋ ਜਿਹੇ ਹਾਕਮ ਦੀ
ਜੋ ਮੰਦਬੁੱਧੀ ਤੇ ਫਿਰਕਾਪ੍ਰਸਤ ਨਾ
ਹੋਵੇ
ਜਿਸ ਕੋਲ ਮਜ਼ਬ ਨਾ ਹੋਵੇ ਕੋਈ
ਇੱਕ
ਪਰ ਹਰ ਸੁਆਲ ਦਾ ਜੁਆਬ ਹੋਵੇ

**ਪ੍ਰੋ. ਬਲਦੇਵ ਸਿੰਘ ਭੋਲਾ**

## ਗੁਰੂ ਤੇ ਭਰੋਸਾ

ਰੱਖ ਭਰੋਸਾ ਤੇਰੇ ਦਰ ਆਇਆ ਹਾਂ,
ਦਾਤਿਆ ਚਰਨਾਂ ਦੇ ਨਾਲ ਜੋੜੀਂ।
ਮੁੱਖ ਦੁਨੀਆ ਮੋੜ ਲਵੇ,
ਗੁਰੂ ਜੀ ਤੂੰ ਮੁੱਖੜਾ ਨਾ ਮੋੜੀਂ।

ਤੂੰ ਤੇ ਪੁੱਤਰਾਂ ਦਾ ਦਾਨੀ ਹੈਂ,
ਜੀਹਨੇ ਸਾਰਾ ਸਰਬੰਸ ਲੁਟਾਇਆ।
ਤੇਰੀਆਂ ਤੂੰ ਹੀ ਜਾਣਦਾ ਹੈਂ,
ਤੇਰਾ ਭੇਦ ਕਿਸੇ ਨਾ ਪਾਇਆ।
ਰਾਜਿਆਂ ਤੋਂ ਭੀਖ ਮੰਗਾ ਦੇਵੇਂ,
ਭਿਖਾਰੀ ਨੂੰ ਕਰ ਦਏਂ ਲੱਖ ਕਰੋੜੀਂ।
ਮੁੱਖ ਦੁਨੀਆ ਮੋੜ ਲਵੇ,
ਗੁਰੂ ਜੀ ਤੂੰ ਮੁੱਖੜਾ ਨਾ ਮੋੜੀਂ।

ਆਹ ਕਰੋਨਾ ਵਾਇਰਸ ਜੋ,
ਅੱਜ ਦੁਨੀਆ ‘ਤੇ ਆਇਆ।
ਕੋਈ ਨੇੜੇ ਢੁੱਕਦਾ ਨਾ,
ਭਾਈ ਭਤੀਜਾ, ਮਾਮਾ, ਚਾਚਾ
ਤਾਇਆ।
ਘਰ ਵਾਲੀ ਵੀ ਪੁਛਦੀ ਨਾ,
ਉਹ ਵੀ ਫਿਰਦੀ ਨੱਕ ਮਰੋੜੀਂ।
ਮੁੱਖ ਦੁਨੀਆ ਮੋੜ ਲਵੇ,
ਗੁਰੂ ਜੀ ਤੂੰ ਮੁੱਖੜਾ ਨਾ ਮੋੜੀਂ।

ਜੋ ਕਹਿੰਦੇ ਦੁਨੀਆ ਸਾਡੀ ਹੈ,
ਉਹ ਵੀ ਰਹਿ ਗਏ ਹੱਕੇ ਬੱਕੇ।
ਜੋ ਰਹਿੰਦੇ ਵਿੱਚ ਜਹਾਜਾਂ ਦੇ,
ਅੱਜ ਘਰੇ ਪਏ ਨੇ ਡੱਕੇ।
ਡੋਰ ਦੁਨੀਆ ਦੀ, ਹੱਥਾਂ ਵਿੱਚ ਤੇਰੇ,
ਰੱਖੀ ਫੜ ਕੇ ਕਦੇ ਨਾ ਤੋੜੀਂ।
ਮੁੱਖ ਦੁਨੀਆ ਮੋੜ ਲਵੇ,
ਗੁਰੂ ਜੀ ਤੂੰ ਮੁੱਖੜਾ ਨਾ ਮੋੜੀਂ।

ਕਾਇਨਾਤ ਹਾਏ ਹਾਏ ਕਰਦੀ ਹੈ,
ਪੰਛੀ ਗੀਤ ਖ਼ੁਸੀ ਦੇ ਗਾਉਂਦੇ।
ਜੋ ਕਹਿੰਦੇ, ਰੱਬ ਤੋਂ ਨਹੀਂ ਡਰਦੇ,
ਉਹ ਵੀ ਤੇਰਾ ਨਾਮ ਧਿਆਉਂਦੇ।
‘ਝੱਜ’ ਹੱਥ ਜੋੜ ਅਰਦਾਸ ਕਰੇ,
ਮੇਰੀ ਲੱਗੀ ਪ੍ਰੀਤ ਕਦੇ ਨਾ ਤੋੜੀਂ।
ਮੁੱਖ ਦੁਨੀਆ ਮੋੜ ਲਵੇ,
ਗੁਰੂ ਜੀ ਤੂੰ ਮੁੱਖੜਾ ਨਾ ਮੋੜੀਂ।

**ਸਾਧੂ ਸਿੰਘ ਝੱਜ**
**ਸਿਆਟਲ, ਯੂ. ਐਸ. ਏ.**



# ਸਰਗਮ ਰੇਡੀਓ ਟੋਰੰਟੋ ਦੁਆਰਾ ਪ੍ਰਸਾਰਿਤ ਕਵਿਤਾਵਾਂ

## ਪ੍ਰੋ. ਗੁਰਭਜਨ ਸਿੰਘ ਗਿੱਲ ਦੇ ਸਹਿਯੋਗ ਨਾਲ

ਪ੍ਰੋ. ਗੁਰਭਜਨ ਸਿੰਘ ਗਿੱਲ ਸਾਬਕਾ ਪ੍ਰਧਾਨ, ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਨੇ ਵੱਖ-ਵੱਖ ਦੇਸ਼ਾਂ ਵਿਚ ਵੱਸਦੇ ਕਵੀਆਂ ਦੁਆਰਾ ਵਰਤਮਾਨ ਸੰਕਟ ਕਰੋਨਾ ਦੇ ਵਿਸ਼ੇ ’ਤੇ ਲਿਖੀਆਂ ਕੁਝ ਕਵਿਤਾਵਾਂ ਰੇਡੀਓ ਸਰਗਮ ਟੋਰੰਟੋ ਨੂੰ ਭੇਜੀਆਂ। ਇਨ੍ਹਾਂ ਕਵਿਤਾਵਾਂ ਨੂੰ ਡਾ. ਬਲਵਿੰਦਰ ਸਿੰਘ ਤੇ ਸੰਦੀਪ ਕੌਰ ਨੇ ਆਪਣੀ ਆਵਾਜ਼ ਰਾਹੀਂ ਦੇਸ਼ ਵਿਦੇਸ਼ ਵੱਸਦੇ ਸਰੋਤਿਆਂ ਦੇ ਸਨਮੁੱਖ ਕੀਤਾ। ਇਨ੍ਹਾਂ ਕਵਿਤਾਵਾਂ ਵਿਚ ਕਰੋਨਾ ਵਾਇਰਸ ਦੇ ਦੌਰ ’ਚੋਂ ਗੁਜ਼ਰ ਰਹੀ ਦੁਨੀਆ ਦੀ ਮਨੋਸਥਿਤੀ ਨੂੰ ਕਵੀਆਂ ਨੇ ਆਪਣੇ ਭਾਵਾਂ ਅਨੁਸਾਰ ਕਲਮਬੱਧ ਕੀਤਾ ਹੈ। ਅਦਾਰਾ ‘ਪਰਵਾਸ’ ਇਸ ਉੱਦਮ ਲਈ ਪ੍ਰੋ. ਗੁਰਭਜਨ ਗਿੱਲ ਤੇ ਰੇਡੀਓ ਸਰਗਮ ਟੋਰੰਟੋ ਦੀ ਸ਼ਲਾਘਾ ਕਰਦਾ ਹੈ

## ਨਜ਼ਮ

### ਚਰਨਜੀਤ ਸਿੰਘ ਪੰਨੂ



ਅਮਰੀਕਾ ਵੱਸਦੇ ਚਰਨਜੀਤ ਸਿੰਘ ਪੰਨੂ ਨੇ ਦੋ ਨਾਵਲ, ਸੱਤ ਸਫ਼ਰਨਾਮੇ, ਇੱਕ ਇਕਾਂਗੀ-ਸੰਗ੍ਰਹਿ, ਸੱਤ ਕਹਾਣੀ-ਸੰਗ੍ਰਹਿ ਅਤੇ ਪੰਜ ਕਾਵਿ-ਸੰਗ੍ਰਹਿ ਪੰਜਾਬੀ ਸਾਹਿਤ ਦੀ ਝੋਲੀ ਪਾਏ ਹਨ। ਸੰਪਾਦਨਾ ਦੇ ਖੇਤਰ ਵਿੱਚ ਵੀ ਉਹ ਬੜੀ ਨਿਪੁੰਨਤਾ ਨਾਲ ਕਾਰਜਸ਼ੀਲ ਹਨ

ਕੇਹੋ ਜਿਹੇ ਆਏ ਦਿਨ,
ਦਹਿਸ਼ਤ ਵਿੱਚ ਲੰਘਾਏ ਦਿਨ.
ਕੋਰੋਨਾ ਉੱਗੂ ਹਰ ਥਾਂ ਹਾਵੀ,
ਅੰਦਰੀਂ ਤਾੜ ਬਿਠਾਏ ਦਿਨ.
ਛੂਤ ਛਾਤ ਦਾ ਰੋਗ ਅਵੱਲਾ,
ਝਟਪਟ ਲਾਗ ਫੈਲਾਏ ਦਿਨ.
ਅਜਨਬੀਆਂ ਤੋਂ ਦੂਰੀ ਰੱਖੋ,
ਦੂਰੋਂ ਫਤਿਹ ਬੁਲਾਏ ਦਿਨ.
ਜੀਵਨ ਗਤੀ ਰੁਕਗੀ ਥਾਂਏਂ,
ਰੰਗ ‘ਚ ਭੰਗ ਮਿਲਾਏ ਦਿਨ.
ਗਲੀ ਬਾਜ਼ਾਰ ਸੁੰਨੇ ਹੋ ਗਏ,
ਉੱਲੂ ਮਰਾਸੀਆਂ ਗਾਏ ਦਿਨ.
ਵਿਦੇਸ਼ੀਆਂ ਤੋਂ ਕੰਨੀ ਖਿਸਕੌਂਦੇ,
ਹੁਣ ਨਾ ਅੱਖ ਮਿਲਾਏ ਦਿਨ.
ਬਚ ਜਾਓ ਜੇ ਬਚਿਆ ਜਾਂਦਾ,
ਵਾਇਰਸ ਦਨਦਨਾਏ ਦਿਨ.
ਸਬਰ ਸੰਕੋਚ ਜਾਬਤਾ ਰੱਖੋ,
ਪੰਨੂ ਗੁਰ ਸਮਝਾਏ ਦਿਨ.

**ਚਰਨਜੀਤ ਸਿੰਘ ਪੰਨੂ**
**ਅਮਰੀਕਾ**

## ਨਜ਼ਮ

## ਰਮਨ ਵਿਰਕ



ਕੈਲੇਫੋਰਨੀਆ ਸ਼ਹਿਰ ਫਰੈਜ਼ਨੋ ਵਿੱਚ ਵੱਸਦੀ ਰਮਨ ਵਿਰਕ ਕਵਿਤਾ ਲਿਖਦੀ ਹੈ। ਆਪਣੀਆਂ ਕਵਿਤਾਵਾਂ ਵਿੱਚੋਂ ਸਮੇਂ ਦੀਆਂ ਤਲਖ਼ ਹਕੀਕਤਾਂ ਨੂੰ ਬਹੁਤ ਹੀ ਮਾਰਮਿਕ ਅੰਦਾਜ਼ ਵਿੱਚ ਪੇਸ਼ ਕਰਦੀ ਹੈ। 'ਮੇਰਾ ਘਰ ਕਿਹੜਾ' ਕਾਵਿ ਪੁਸਤਕ ਨਾਲ ਉਹ ਪੰਜਾਬੀ ਕਾਵਿ-ਜਗਤ ਦੇ ਵਿਹੜੇ ਵਿੱਚ ਆਪਣੀ ਹਾਜ਼ਰੀ ਲੁਆ ਚੁੱਕੀ ਹੈ

### ਮੌਤ ਦਿਸਦੀ ਬੂਹੇ ਤੇ

ਘਰ ਦੇ ਅੰਦਰ
ਕੈਦ ਹੋਇਆ ਜਿਸਮ
ਮਨ ਕਦੇ ਚੀਨ ਕਦੇ ਇਰਾਨ
ਕਦੇ ਇਟਲੀ ਘੁੰਮਦਾ।
ਕਰਫਿਊ ਪੰਜਾਬ ਵਿੱਚ
ਦਮ ਮੇਰਾ ਘੁੱਟ ਰਿਹਾ ਹੈ।
ਅਮਰੀਕਾ ਹਮੇਸ਼ਾ ਡਰਾਉਂਦਾ ਸੀ
ਹੁਣ ਪੂਰਾ ਡਰਿਆ
ਕੰਬ ਰਿਹਾ ਹੈ ਵਾਈਟ ਹਾਊਸ
ਮੌਤ ਨੇੜੇ ਹੈ ਬਹੁਤ
ਬੂਹੇ ਖੜ੍ਹਾ ਦੈਂਤ
ਹੋਮ ਡਲਿਵਰੀ ਦੇਂਦਾ,
ਪਹਿਲੀ ਵਾਰ ਸੁਣਿਆ।

ਮਾਂ ਹਾਂ ਨਾ ਮੈਂ
ਦੂਸਰੇ ਸ਼ਹਿਰ ਵੱਸਦੇ
ਬੱਚਿਆਂ ਦੇ ਫ਼ਿਕਰ 'ਚ
ਹਰ ਪਲ ਮਰਦੀ ਜਿਉਂਦੀ
ਦਮ ਫੁੱਲਦਾ ਹੈ ਬਾਰ ਬਾਰ
ਤੜਪਦੀ, ਸਹਿਕਦੀ ਹਾਂ।

ਟੀ. ਵੀ. ਵੇਖਣ ਨੂੰ ਦਿਲ ਨਹੀਂ
ਕਰਦਾ
ਕਰੋਨਾ ਵਾਇਰਸ ਨਹੀਂ
ਮੌਤ ਦਾ ਸੁਨੇਹਾ ਨਹੀਂ
ਇਹ ਤਾਂ ਰੱਬ ਨੇ ਕੁੰਡੀ ਖੜਕਾਈ ਹੈ।
ਨੀਂਦ ਪਹਿਲਾਂ ਹੀ ਕੋਹਾਂ ਦੂਰ ਸੀ
ਮਸਾਂ ਅੱਖ ਲੱਗੀ ਸੀ
ਜਾਗ ਆਈ ਹੈ।
ਗਲੋਬ ਨੂੰ ਕੀ ਹੋ ਗਿਆ?
ਕੰਬ ਰਿਹਾ ਹੈ।
ਸਮੂਹਕ ਮੌਤ ਕਿੰਨੀ ਭਿਆਨਕ ਹੁੰਦੀ
ਹੈ
ਧਰਤੀ ਨੇ ਪਹਿਲੀ ਵਾਰ ਵੇਖਿਆ।

**ਰਮਨ ਵਿਰਕ**
**ਫਰੈਜ਼ਨੋ, ਅਮਰੀਕਾ**

## ਨਜ਼ਮ

**ਕੁਲਵਿੰਦਰ ਖਹਿਰਾ**



ਕੁਲਵਿੰਦਰ ਖਹਿਰਾ ਟੋਰੰਟੋ (ਕੈਨੇਡਾ) ਵਿੱਚ ਵੱਸਦਾ ਹੈ ਤੇ ਪੰਜਾਬੀ ਸ਼ਾਇਰੀ ਨਾਲ ਬਹੁਤ ਹੀ ਗਹਿਰਾ ਜੁੜਿਆ ਹੋਇਆ ਹੈ। ਖੂਬਸੂਰਤ ਗ਼ਜ਼ਲ ਦੇ ਨਾਲ ਨਾਲ ਉਹ ਬਹੁਤ ਪਿਆਰੀ ਕਵਿਤਾ ਵੀ ਕਹਿੰਦਾ ਹੈ। ਉਸ ਦੀ ਸ਼ਾਇਰੀ ਜ਼ਿੰਦਗੀ ਦੇ ਨਾਲ ਜੁੜੇ ਹਰ ਸਰੋਕਾਰ ਨਾਲ ਖਹਿ ਕੇ ਲੰਘਦੀ ਹੈ

### ਫ਼ਿਕਰ

ਕੰਮ ਤੋਂ ਘਰ ਪਰਤਦਾ ਹਾਂ
ਬੂਹੇ ਅੱਗੇ ਤਣੀ ਖਲੋਤੀ
ਪਤਨੀ ਕਹਿੰਦੀ ਹੈ:
'ਕੱਪੜੇ ਬਦਲੋ, ਹੱਥ ਧੋਵੋ,
ਫਿਰ ਸੋਫ਼ੇ 'ਤੇ ਬੈਠੋ'

ਸੱਤ ਕੰਬਲਾਂ 'ਚ ਲਪੇਟੀ
ਪਤਨੀ ਦੀ ਭੈਣ ਫ਼ੋਨ ਕਰਦੀ ਹੈ:
'ਹਵਾ 'ਚ ਕਰੋਨਾ ਫੈਲ ਗਈ ਹੈ:
ਠੰਡ ਤੋਂ ਬਚੋ,
ਕਮਰਿਆਂ 'ਚੋਂ ਬਾਹਰ ਨਾ ਆਵੋ
ਪਰਿਵਾਰ ਨੂੰ ਦੂਰੋਂ ਹੀ ਮਿਲੋ-ਮਿਲਾਵੋ'

ਮਾਂ ਨਸੀਅਤ ਕਰਦੀ ਹੈ:
'ਰਸਦ ਨਾਲ ਘਰ ਭਰ ਲਉ
ਆਫ਼ਤ ਆਉਣ ਵਾਲੀ ਹੈ
ਸਟੋਰ ਖਾਲੀ ਹੋ ਜਾਣੇ'

ਸਵਾਲਾਂ 'ਚ ਘਿਰਿਆ ਮੈਂ ਸੋਚਦਾ ਹਾਂ
ਕਿਹੜੀ ਛੱਤ ਹੇਠ ਛੁਪਣਗੇ ਉਹ
ਜਿਨ੍ਹਾਂ ਨੇ ਵੇਖੀ ਹੈ ਸਿਰਫ
ਖੁੱਲ੍ਹੇ ਅਸਮਾਨ ਦੀ ਛੱਤ ?
ਗੰਦਗੀ 'ਚੋਂ ਖਾਣਾ ਲੱਭਦੇ
ਉਨ੍ਹਾਂ ਦੇ ਬਾਲਾਂ ਨੂੰ ਕੌਣ ਸਮਝਾਏਗਾ
'ਸ਼ੁੱਧ ਹਵਾ' ਦੇ ਅਰਥ ?
ਕਿਹੜੇ ਫ਼ਰਿੱਜਾਂ 'ਚ
ਜਮ੍ਹਾਂ ਕਰਨਗੇ ਉਹ ਰਸਦ ?
ਜੋ ਇਹ ਵੀ ਨਹੀਂ ਜਾਣਦੇ
ਕਿ ਅਗਲੀ ਵਾਰ
ਖਾਣ ਨੂੰ ਕੀ ਤੇ ਕਦੋਂ ਮਿਲਣਾ ਹੈ ?
ਸ਼ਾਇਦ
ਮੌਤ ਦਾ ਡਰ ਵੀ
ਉਨ੍ਹਾਂ ਨੂੰ ਹੀ ਹੁੰਦਾ
ਜਿਨ੍ਹਾਂ ਕੋਲ
ਜੀਣ ਦੇ ਵਸੀਲੇ ਹੁੰਦੇ ਨੇ
ਕਦੋਂ ਡਰਾਉਂਦੀ ਹੈ
ਉਨ੍ਹਾਂ ਨੂੰ ਆਫ਼ਤ ਤੇ ਮੌਤ
ਜੋ ਜੰਮਦਿਆਂ ਹੀ
ਆਫ਼ਤਾਂ ਦੇ ਕੀਲੇ ਹੁੰਦੇ ਨੇ

**ਕੁਲਵਿੰਦਰ ਖਹਿਰਾ**
**ਟੋਰੰਟੋ, ਕੈਨੇਡਾ**

## ਨਜ਼ਮ

## ਕਵਿੰਦਰ ਚਾਂਦ



ਕਵਿੰਦਰ ਚਾਂਦ ਪੰਜਾਬੀ ਗ਼ਜ਼ਲ ਦੇ ਖੇਤਰ ਵਿੱਚ ਇੱਕ ਜਾਣਿਆ ਪਛਾਣਿਆ ਨਾਂ ਹੈ। ਉਹ ਸਰੀ (ਕੈਨੇਡਾ) ਵਿੱਚ ਵੱਸਦਾ ਹੈ ਅਤੇ ਕਾਵਿਕ ਸੰਵੇਦਨਾ ਨਾਲ ਡੂੰਘਾ ਜੁੜਿਆ ਹੋਇਆ ਹੈ। ਆਪਣੇ ਗ਼ਜ਼ਲ ਸੰਗ੍ਰਹਿ 'ਅਸ਼ਰਫੀਆਂ' ਅਤੇ ਕਾਵਿ ਸੰਗ੍ਰਹਿ 'ਬੰਸਰੀ ਕਿੱਧਰ ਗਈ' ਨਾਲ ਉਸ ਨੇ ਪੰਜਾਬੀ ਕਾਵਿ-ਜਗਤ ਦੇ ਵਿਹੜੇ ਵਿੱਚ ਆਪਣੀ ਭਰਵੀਂ ਹਾਜ਼ਰੀ ਲੁਆਈ ਹੈ।

### ਦੁਸ਼ਮਣ

ਅਣਭੋਲ ਸੁੱਤੀ ਦੁਨੀਆ ਦੇ ਬੂਹੇ
ਅਚਾਨਕ ਦਸਤਕ ਆਣ ਦਿੱਤੀ
ਕਿਸੇ ਦੁਸ਼ਮਣ ਨੇ,
ਰੰਗਾਂ ਵਿੱਚ ਡੁੱਬੀ, ਮਦਹੋਸ਼,
ਜਾਗਦਿਆਂ-ਸੁੱਤੀ ਪਈ ਸੀ
ਦੁਨੀਆ।

ਗੰਧਲੇ ਪਾਣੀਆਂ
ਪ੍ਰਦੂਸ਼ਿਤ ਪੌਣਾਂ
ਦੂਸ਼ਿਤ ਹਵਾਵਾਂ
ਜ਼ਹਿਰੀ ਸੋਚਾਂ ਦੀ
ਜ਼ੁੰਮੇਵਾਰ, ਦੁਨੀਆ

ਸਿਰਫ ਜਿੱਤਣ ਦੀ ਦੌੜ ਵਿੱਚ ਕਮਲੀ
ਸਭ ਕੁਝ ਹਥਿਆ ਲੈਣ ਲਈ ਕਾਹਲੀ
ਅਮਨਾਂ ਦੀ, ਧਰਮਾਂ ਦੀ ਆੜ ਵਿੱਚ
ਪਲਦੀ ਵਹਿਸ਼ੀ ਦੁਨੀਆ

ਦੁਨੀਆ ਦੀਆਂ ਲਾਲਸਾਵਾਂ ਵਿੱਚੋਂ
ਪੈਦਾ ਹੋਇਆ ਦੁਸ਼ਮਣ
ਵਾਚ ਰਿਹਾ ਸੀ ਸਭ ਕੁਝ

ਅੱਭੜਵਾਹੇ ਉੱਠੀ ਦੁਨੀਆ
ਲੜ ਰਹੀ ਹੈ
ਅਣਪਛਾਤੇ ਹਮਲਾਵਰ ਨਾਲ
ਆਪਣੇ ਆਪਣੇ ਹਿੱਸੇ ਦਾ ਯੁੱਧ।
ਇਤਿਹਾਸ ਗਵਾਹ ਹੈ
ਯਕੀਨਨ ਮੁੜ ਹੀ ਜਾਵੇਗਾ ਦੁਸ਼ਮਣ
ਸਫ਼ਾਂ ਵਿੱਛਾ ਕੇ
ਦੁਨੀਆਂ ਮੂਧੀ ਪਾ ਕੇ

ਕੀ ਅਸੀਂ ਹੁਣ ਤੋਂ ਜਾਗਾਂਗੇ?
ਜਾਗਦੇ ਰਿਹਾ ਕਰਾਂਗੇ?

**ਕਵਿੰਦਰ ਚਾਂਦ**
**ਸਰੀ, ਕੈਨੇਡਾ**
**+16047614504**

## ਨਜ਼ਮ

**ਸੁੱਖ ਬਰਾੜ**



ਫਿਰੋਜ਼ਪੁਰ ਜਿਲ੍ਹੇ ਦੇ ਸ਼ਹਿਰ ਜ਼ੀਰੇ ਨੇੜਲੇ ਪਿੰਡ ਮਹੀਆਂ ਵਾਲਾ ਦਾ ਜੰਮਪਲ ਸੁੱਖ ਬਰਾੜ ਹੁਣ ਕੈਲਗਰੀ ਵੱਸਦਾ ਹੈ। ਸੁੱਖ ਬਰਾੜ ਕਵੀ ਹੋਣ ਦੇ ਨਾਲ ਨਾਲ ਵਧੀਆ ਗੀਤਕਾਰ ਵੀ ਹੈ। ਉਸ ਦੀਆਂ ਰਚਨਾਵਾਂ ਵਿੱਚੋਂ ਪੰਜਾਬ, ਪੰਜਾਬੀ ਤੇ ਪੰਜਾਬੀਅਤ ਪ੍ਰਤੀ ਅਥਾਹ ਮੋਹ ਝਲਕਦਾ ਹੈ

### ਜੈਵਿਕ ਵਿਸ਼ਵ ਯੁੱਧ

ਇਹ ਕਹਿੰਦੈ ਇਹ ਤੇਰਾ ਕਰੋਨਾ,
ਉਹ ਕਹਿੰਦਾ ਤੂੰ ਕਰ ਲੈ ਭੰਡੀ !

ਇਹ ਕਹਿੰਦੈ ਮੈ ਲੈਣਾ ਕੁਝ ਨਹੀਂ
ਉਹ ਕਹਿੰਦੈ ਅੱਜ ਮੇਰੀ ਮੰਡੀ !

ਕੁਦਰਤ ਕੈਸੀ ਖੇਡ ਰਚਾਈ
ਅੰਦਰੀਂ ਵੜ ਗਏ ਮਾਈ ਭਾਈ


ਤੁਰਦਾ ਸੀ ਜੋ ਧੌਣ ਅਕੜਾ ਕੇ
ਅਣਦਿਸਦੇ ਨੇ ਫੜ ਲਈ ਸੰਘੀ !
ਜਿੰਨ੍ਹਾਂ ਫੌਜ ਲੜਨ ਨੂੰ ਰੱਖਿਆ
ਆਪਣਾ ਲਾਣਾ ਅੰਦਰੀਂ ਡੱਕਿਆ।

ਘਰੋਂ ਬਾਹਰ ਜੋ ਪੈਰ ਟਿਕਾਵੇ,
ਮਰੋੜ ਦਿਉ ਜੀ ਸਦਕੇ ਘੰਡੀ !
ਕੋਈ ਕਹੇ ਕੁਝ ਝੋਲੀ ਪਾ ਦਿਉ
ਕੋਈ ਕਹੇ ਥਾਲੀ ਖੜਕਾ ਦਿਉ !

ਹਜੂਮ ਨੂੰ ਅੰਦਰ ਡੱਕ ਨਹੀਂ ਹੋਣਾ
ਬਾਂਦਰੀ ਆਖਰ ਹੋਣੀ ਲੰਡੀ !
ਸੰਖ ਵਜਾ ਕੇ ਮਰਨਾ ਨਹੀਂ ਇਹ
ਧੂਫਾਂ ਦੇ ਨਾਲ ਸੜਨਾ ਨਹੀਂ ਇਹ

ਜਿਸ ਵਿਗਿਆਨ ਤੇ ਪਰਦੇ ਪਾਉਂਨੈ
'ਸੁੱਖ' ਨਾਲ ਹੋਣੀ ਉਸ ਦੀ ਝੰਡੀ!

**ਸੁੱਖ ਬਰਾੜ**
**ਕੈਲਗਰੀ (ਕੈਨੇਡਾ)**
**+1(403)472-7200**



## ਨਜ਼ਮ

**ਮੋਹਨ ਗਿੱਲ**



ਲੁਧਿਆਣਾ ਦੇ ਪਿੰਡ ਡੇਹਲੋਂ ਦਾ ਜੰਮਪਲ ਅਤੇ ਕੈਨੇਡਾ ਦੇ ਸ਼ਹਿਰ ਸਰੀ ਵਿਚ ਵੱਸਦੇ ਪਰਵਾਸੀ ਪੰਜਾਬੀ ਲੇਖਕ ਮੋਹਨ ਗਿੱਲ ਨੇ ਕਵਿਤਾ, ਹਾਇਕੂ ਅਤੇ ਵਾਰਤਕ ਰਚਨਾ ਰਾਹੀਂ ਆਪਣੀ ਸਿਰਜਣਾਤਮਕ ਪ੍ਰਤਿਭਾ ਨਾਲ ਆਪਣਾ ਵੱਖਰਾ ਮੁਕਾਮ ਬਣਾਇਆ ਹੈ।

### ਕ-ਕਰੋਨਾ ਕ-ਕਿਤਾਬ

ਐਮਰਜੈਂਸੀ ਕਰੋਨਾ ਵਾਇਰਸ ਦੀ,
ਘਰੋਂ ਕਿਤੇ ਵੀ ਬਾਹਰ ਜਾਣਾ ਨਹੀਂ।
ਕਿਸੇ ਨੂੰ ਨੇੜੇ ਹੋ ਕੇ ਮਿਲਣਾ ਨਹੀਂ,
ਬਾਹਰੋਂ ਕੁਝ ਵੀ ਲੈ ਕੇ ਖਾਣਾ ਨਹੀਂ।

ਘਰ ਵਿੱਚ ਕੈਦੀ ਬਣ ਕੇ,
ਚੰਚਲ ਮਨ ਉਕਤਾਇਆ ਹੈ।
ਉੱਠ ਕੇ ਘਰ ਵਿੱਚ ਬਣਾਈ,
ਅਪਣੀ ਲਾਇਬੇਰਰੀ 'ਚ ਆਇਆ ਹਾਂ।
ਕਿਤਾਬਾਂ ਨਾਲ ਭਰੀ ਹੋਈ ਅਲਮਾਰੀ,
ਖ਼ੁਸ਼ੀ ਵਿੱਚ ਜਗਮਗਾਈ ਹੈ।
ਅੱਜ ਲਾਇਬਰੇਰੀ ਨੂੰ ਜਾਪਦਾ,
ਜਾਗਣ ਦੀ ਘੜੀ ਆਈ ਹੈ।

ਸ਼ੈਲਫ਼ ਵਿੱਚੋਂ ਕਿਤਾਬ ਕੱਢ ਕੇ
ਫੂਕ ਮਾਰ ਉੱਤੇ ਧੂੜ ਉਡਾਈ ਹੈ।
ਮੁੱਦਤ ਤੋਂ ਬੇਜਾਨ ਪਈ ਕਿਤਾਬ ਦੀ
ਜਾਨ 'ਚ ਜਾਨ ਆਈ ਹੈ।

ਮੇਰੇ ਨਰਮ ਨਰਮ ਪੋਟੇ,
ਕਿਤਾਬ ਦੇ ਵਰਕੇ ਪਲਟਣ ਲੱਗੇ ਨੇ।
ਪੰਨਿਆਂ ਤੇ ਪਏ
ਕਾਲੇ ਸਿਆਹ ਅੱਖਰ,
ਖ਼ੁਸ਼ੀ 'ਚ ਖੀਵੇ ਹੋ ਕੇ
ਨੱਚਣ ਲੱਗੇ ਨੇ।

### ਅਸੀਂ ਜਿੱਤਾਂਗੇ

ਪਹਿਲਾਂ ਵੀ ਕਈ ਐਸੇ ਝੱਖੜ ਝੁੱਲੇ ਨੇ।
ਅਸੀਂ ਲੱਖਾਂ ਠਾਰੇ ਬਲਦੀ ਅੱਗ ਦੇ ਬੁੱਲੇ ਨੇ।
ਕਿੰਨੇ ਕਰੋਨਾ ਵਰਗੇ ਹਮਲਾਵਰ ਆਏ,
ਅੰਤ 'ਚ ਸਾਡੀ ਜਿੱਤ ਦੇ ਪਰਚਮ ਝੁੱਲੇ ਨੇ।

**ਮੋਹਨ ਗਿੱਲ**
**ਸਰੀ, ਕੈਨੇਡਾ**
**+17789080914**
**mohandelhon@hotmail.com**

## ਨਜ਼ਮ
## ਕੁਲਵੀਰ ਡਾਨਸੀਵਾਲ



ਕੁਲਵੀਰ ਡਾਨਸੀਵਾਲ ਕੈਨੇਡਾ ਵੱਸਦਾ ਪਰਵਾਸੀ ਪੰਜਾਬੀ ਸ਼ਾਇਰ ਹੈ। ਉਸ ਨੇ ਪਰਵਾਸੀ ਜੀਵਨ ਦੇ ਵਿਭਿੰਨ ਪਹਿਲੂਆਂ ਨੂੰ ਕਵਿਤਾ, ਟੱਪੇ ਤੇ ਛੰਦਾਂ ਦੇ ਰੂਪ ਵਿਚ ਕਲਮਬੱਧ ਕੀਤਾ ਹੈ

### ਨਜ਼ਮ

ਥੋੜੇ ਦਿਨ ਤੱਕ ਇਕ ਦੂਜੇ ਨਾਲ ਹੱਥ
ਮਿਲਾਇਉ ਨਾ
ਪਾ ਪਾ ਜੱਫੀਆਂ ਇਕ ਦੂਜੇ ਨਾਲ
ਪਿਆਰ ਜਤਾਇਉ ਨਾ
ਜਿਹਨੂੰ ਹੋਇਆ ਬੁਖਾਰ ਤੇ ਬਾਹਲਾ
ਖੰਘੀ ਜਾਂਦਾ ਏ
ਸੁਣੋ ਵਹੁਟੀਉ ਉਸ ਨੂੰ ਗਲੇ ਲਗਾਇਉ
ਨਾ
ਸੁਣੋ ਆਸ਼ਕੋ ਟਿਕ ਟਾਕ ’ਤੇ ਵੀਡੀਓ
ਪਾ ਕੇ ਸਾਰ ਲਵੋ
ਦੋ ਹਫਤੇ ਹੁਣ ਨਾਲ ਸਹੇਲੀ ਡੇਟ ’ਤੇ
ਜਾਇਓ ਨਾ
ਸੁਣੋ ਬੀਬੀਓ ਬਿਨਾ ਕੰਮ ਤੋਂ ਮਾਲ ’ਚ
ਜਾਇਓ ਨਾ
ਪਾਇਲ, ਬਿਜਨੈਂਸ ਸੈਂਟਰ ਐਵੇਂ ਗੇੜੀ
ਲਾਇਓ ਨਾ
ਘਰ ਦੀ ਸੁਰਖੀ ਬਿੰਦੀ ਲਾ ਕੇ ਵਕਤ
ਗੁਜ਼ਾਰ ਲਵੋ
ਬਿਊਟੀ ਪਾਰਲਰ ਜਾ ਕੇ ਐਵੇਂ ਰਿਸਕ
ਵਧਾਇਓ ਨਾ
ਫੋਨ ਉੱਤੇ ਹੀ ਢਿੱਡ ਹੌਲਾ ਕਰ
ਲਇਓ ਬੇਬੇ ਜੀ
ਨੂੰਹ ਦੀਆਂ ਗੱਲਾਂ ਕਰਨ ਵਾਸਤੇ
ਪਾਰਕ ਜਾਇਓ ਨਾ
ਬੱਚਿਆਂ ਨਾਲ ਹੀ ਘਰ ਵਿਚ ਭਾਬੀ
ਖੇਡੋ ਬਾਪੂ ਜੀ
ਵਿਚ ਮਾਲ ਦੇ ਜਾ ਕੇ ਸੀਪ ਦੀ ਬਾਜ਼ੀ
ਲਾਇਓ ਨਾ
ਘਰੇ ਪਰੌਠਾਂ ਖਾ ਲਓ, ਬਾਹਰੋਂ ਛਕਿਓ
ਨਾ
ਜਿਹੜੀ ਕੌਮ ਹੈ ਲੰਗਰ ਲਾਉਂਦੀ, ਜਾ
ਕੇ ਬਾਰਡਰਾਂ ’ਤੇ
ਵਿਚ ਸਟੋਰਾਂ ਉਸ ਕੌਮ ਦਾ ਜਲੂਸ
ਕਢਾਇਓ ਨਾ
ਪੱਥਰਾਂ ਦੇ ਵਿਚ ਪਾਲੇ ਜਿਹੜਾ ਵੱਸਦੇ
ਕੀੜਿਆਂ ਨੂੰ
ਮਰਨ ਨੀ ਦਿੰਦਾ ਭੁੱਖਾ ਐਵੇਂ, ਚਿੱਤ
ਡੁਲਾਇਓ ਨਾ

**ਕੁਲਵੀਰ ਡਾਨਸੀਵਾਲ**
**ਕੈਨੇਡਾ**

ਲੇਖ

## ਪ੍ਰੋ. ਗੁਰਭਜਨ ਸਿੰਘ ਗਿੱਲ



ਪ੍ਰੋ. ਗੁਰਭਜਨ ਸਿੰਘ ਗਿੱਲ ਸਾਬਕਾ ਪ੍ਰਧਾਨ, ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੀ ਸਖ਼ਸ਼ੀਅਤ ਕਿਸੇ ਜਾਣ-ਪਛਾਣ ਦੀ ਮੁਥਾਜ ਨਹੀਂ। ਕਵਿਤਾ, ਗ਼ਜ਼ਲ, ਰੇਖਾ ਚਿਤਰ, ਸੰਸਮਰਣ ਲਿਖਣ ਦੇ ਨਾਲ ਨਾਲ ਉਹ ਚਲੰਤ ਮਸਲਿਆਂ ਬਾਰੇ ਵੀ ਉਹ ਬਹੁਤ ਹੀ ਪੁਖ਼ਤਗੀ ਨਾਲ ਲਿਖਦੇ ਹਨ। ਦੇਸ਼ ਵਿਦੇਸ਼ ਦੀਆਂ ਵੱਖ ਵੱਖ ਸਾਹਿਤ ਸਭਾਵਾਂ ਨਾਲ ਮਿਲ ਕੇ ਉਹ ਪੰਜਾਬੀ ਸਾਹਿਤ ਦੇ ਪ੍ਰਚਾਰ ਤੇ ਪ੍ਰਸਾਰ ਹਿੱਤ ਲਗਾਤਾਰ ਕਾਰਜਸ਼ੀਲ ਹਨ। ਇਸ ਖੇਤਰ 'ਚ ਪੰਜਾਬ ਭਵਨ ਸੱਰੀ (ਕੈਨੇਡਾ) ਦੀ ਸੁੱਖੀ ਬਾਠ ਜੀ ਤੋਂ ਸਥਾਪਨਾ ਕਰਵਾਉਣਾ ਉਨ੍ਹਾਂ ਦੀ ਸਿਰਮੌਰ ਪ੍ਰਾਪਤੀ ਹੈ।

ਭਾਰਤ ਪੰਜਾਬ ਵਿਚ ਕਰੋਨਾ ਦੇ ਕੁਝ ਕੇਸ ਸਾਹਮਣੇ ਆਉਣ ਤੋ ਬਾਅਦ ਸੋਸ਼ਲ ਮੀਡੀਆ, ਅਖ਼ਬਾਰਾਂ ਰੇਡੀਓ ਅਤੇ ਟੈਲੀਵਿਜ਼ਨ ਦੇ ਵੱਖ ਵੱਖ ਚੈਨਲਾਂ ਤੇ ਹੋ ਰਹੇ ਵਿਚਾਰ ਵਟਾਂਦਰੇ ਵਿਚ ਇਹ ਗੱਲ ਬੜੀ ਪ੍ਰਮੁੱਖਤਾ ਨਾਲ ਉਭਾਰੀ ਜਾ ਰਹੀ ਹੈ ਕਿ ਵਰਤਮਾਨ ਕਰੋਨਾ ਵਾਇਰਸ ਸੰਕਟ ਨੂੰ ਭਾਰਤ ਤੇ ਖ਼ਾਸ ਕਰਕੇ ਪੰਜਾਬ ਵਿਚ ਫੈਲਾਉਣ ਵਿਚ ਪ੍ਰਦੇਸਾਂ ਤੋਂ ਆਏ ਭੈਣ ਭਰਾਵਾਂ ਦਾ ਬਹੁਤ ਵੱਡਾ ਹੱਥ ਹੈ।

ਇਹ ਗੱਲ ਬਹੁਤੀ ਠੀਕ ਨਹੀਂ ਕਿਉਂ ਕਿ ਜਿਹੜੀ ਹੁਣ ਤੱਕ ਦੇ ਅੰਕੜਿਆਂ ਅਨੁਸਾਰ ਪੰਜਾਬ ਵਿਚ ਜਿਹੜੀਆਂ ਚਾਰ ਮੌਤਾਂ ਹੋਈਆਂ ਹਨ ਉਨ੍ਹਾਂ ਵਿਚੋਂ ਸਿਰਫ਼ ਦੋ ਸੱਜਣ ਪ੍ਰਦੇਸੋਂ ਆਏ ਸੀ ਬਾਕੀ ਦੋ ਦੀ ਕੋਈ ਟਰੈਵਲ ਹਿਸਟਰੀ ਨਹੀਂ ਸੀ। ਉਹ ਕਿਸੇ ਹੋਰ ਮੁਲਕ ਤੋਂ ਨਹੀਂ ਸਨ ਆਏ ਸਗੋਂ ਪੰਜਾਬ ਦੇ ਹੀ ਰਹਿਣ ਵਾਲੇ ਸਨ।

ਉਨ੍ਹਾਂ ਵਿਚੋਂ ਇਕ ਔਰਤ ਲੁਧਿਆਣੇ ਦੀ ਸੀ ਤੇ ਦੂਸਰੀ ਜਿਹੜੀ ਸਾਡੇ ਤੋਂ ਨਿਖੜੀ ਉਹ ਨਯਾ ਗਾਉਂ, ਜਿਲ੍ਹਾ ਮੁਹਾਲੀ ਤੋਂ ਸੀ।

ਇਹ ਗੱਲ ਕਿਸੇ ਤੋਂ ਵੀ ਵਿੱਸਰੀ ਨਹੀਂ ਕਿ ਕਰੋਨਾ ਦਾ ਸੰਕਟ ਰੱਜਿਆਂ, ਭੁੱਖਿਆਂ, ਲਿੱਸਿਆਂ, ਸ਼ਹਿਰੀਆਂ, ਪੇਂਡੂਆਂ ਲਈ ਭਾਵ ਸਮੁੱਚੀ ਲੋਕਾਈ ਲਈ ਇਕੋ ਜਿਹਾ ਹੈ, ਇਸ ਦੌਰਾਨ ਹਕੂਮਤ ਵੱਲੋਂ ਜਿਹੜੀਆਂ ਸਾਨੂੰ ਕੁਝ ਦਿਸ਼ਾ, ਨਿਰਦੇਸ਼ਨਾ ਦਿੱਤੀਆਂ ਹਨ ਉਨ੍ਹਾਂ ਦਾ ਪਾਲਣ ਕਰੀਏ ਤਾਂ ਬਚਾਅ ਹੋ ਸਕਦਾ ਹੈ। ਸਾਨੂੰ ਸਭ ਨੂੰ ਇਸ ਲਈ ਸੁਚੇਤ ਰਹਿਣ ਦੀ ਲੋੜ ਹੈ।

31 ਮਾਰਚ ਸ਼ਾਮ ਤੱਕ ਪੰਜਾਬ ਵਿਚ ਜਿਹੜੇ ਕੇਸ ਰਿਪੋਰਟ ਹੋਏ ਉਨ੍ਹਾਂ ਦੀ ਗਿਣਤੀ 1198 ਸੀ ਤੇ ਉਨ੍ਹਾਂ ਵਿਚੋਂ ਕੇਵਲ 41 ਸੈਂਪਲ ਪੋਜ਼ੇਟਿਵ ਨਿਕਲੇ ਤੇ ਬਾਕੀ 1009 ਕੇਸ ਨੈਗੇਟਿਵ ਨਿਕਲੇ। 148 ਕੇਸਾਂ ਦਾ ਨਤੀਜਾ ਆਉਣਾ ਅਜੇ ਬਾਕੀ ਹੈ। ਤੁਸੀਂ ਹੈਰਾਨ

ਹੋਵੋਗੇ ਕਿ ਇਟਲੀ ਤੋਂ ਆਇਆ ਇਕ ਬਜ਼ੁਰਗ ਪੂਰੀ ਤਰ੍ਹਾਂ ਠੀਕ ਠਾਕ ਹੋ ਗਿਆ ਹੈ ਤੇ 36 ਮਰੀਜਾਂ ਦਾ ਇਲਾਜ ਚੱਲ ਰਿਹਾ ਹੈ।

ਇਹ ਗੱਲ ਕਦੇ ਨਾ ਵਿਸਾਰੀਏ ਕਿ ਪਰਦੇਸਾਂ ਤੋਂ ਆਏ ਭਰਾਵਾਂ ਨੂੰ ਇਲਜ਼ਾਮ ਦੇਣਾ ਬੜਾ ਸੌਖਾ ਹੈ ਪਰ ਅਸੀਂ ਇਹ ਕਿਉਂ ਭੁੱਲ ਜਾਂਦੇ ਹਾਂ ਕਿ ਏਥੇ ਉਹ ਆਪਣੀ ਧਰਤੀ ਤੇ ਆਏ ਹਨ ਏਥੇ ਆਉਣ ਦਾ ਉਨ੍ਹਾਂ ਨੂੰ ਹੱਕ ਹੈ ਉਹ ਕਾਨੂੰਨਨ ਆਏ ਨੇ, ਚੋਰੀ ਛਿਪੇ ਨਹੀਂ ਆਏ ਤੇ ਨਾ ਹੀ ਸਾਡਾ ਨੁਕਸਾਨ ਕਰਨ ਆਏ ਹਨ। ਜੇ ਹੁਣ ਤੱਕ ਉਹ ਪੂਰੀ ਪਿਛਲੀ ਇਕ ਸਦੀ ਤੋਂ ਸਾਡਾ ਫ਼ਾਇਦਾ ਕਰਨ ਆਉਂਦੇ ਸੀ ਤਾਂ ਹੁਣ ਇਹ ਰਾਤੋ ਰਾਤ ਸਾਡਾ ਨੁਕਸਾਨ ਕਰਨ ਨਹੀਂ ਆਏ।

ਹਾਂ! ਵਾਇਰਸ ਨੇ ਇਹ ਨਹੀਂ ਦੇਖਣਾ ਕਿ ਕੋਈ ਦੇਸ ਤੋਂ ਆਇਆ ਜਾਂ ਪਰਦੇਸ ਤੋਂ ਆਇਆ। ਉਹ ਕਿਸੇ ਤੇ ਵੀ ਹਮਲਾ ਕਰ ਸਕਦਾ ਹੈ। ਉਸ ਵਿਚ ਮੈਂ ਵੀ ਸ਼ਾਮਿਲ ਹੋ ਸਕਦਾ ਹਾਂ ਤੁਸੀਂ ਵੀ ਹੋ ਸਕਦੇ ਹੋ ਜੇ ਪੰਜਾਬ ਦੇ ਜ਼ਿਲ੍ਹਿਆਂ ਦੀ ਸਥਿਤੀ ਵੇਖੀਏ ਤਾਂ ਇਹ ਇਕ ਦੂਜੇ ਤੋਂ ਵੱਖ ਵੱਖ ਹੈ। ਨਵਾਂ ਸ਼ਹਿਰ ਵਿਚ ਸਭ ਤੋਂ ਵੱਧ ਕੇਸ ਹਨ ਹੁਣ ਤੱਕ ਗਿਣਤੀ 19 ਦੱਸੀ ਗਈ ਹੈ ਤੇ ਇਕ ਮੌਤ ਵੀ ਹੋਈ ਹੈ। ਹੁਸ਼ਿਆਰਪੁਰ ਵਿਚ 6 ਕੇਸ ਸੀ ਜਿਨ੍ਹਾਂ ਵਿਚੋਂ ਇਕ ਬੰਦਾ ਠੀਕ ਹੋਇਆ ਤੇ ਇਕ ਦੀ ਮੌਤ ਹੋ ਗਈ। ਮੁਹਾਲੀ ਵਿਚ ਕੁੱਲ 7 ਕੇਸ ਸਨ ਜਿਨ੍ਹਾਂ ਵਿਚੋਂ ਇਕ ਦੀ ਮੌਤ ਹੋਈ ਹੈ। ਜਲੰਧਰ ਵਿਚ 5 ਕੇਸ, ਅੰਮ੍ਰਿਤਸਰ ਵਿਚ 1 ਤੇ ਲੁਧਿਆਣੇ ਵਿਚ ਸਿਰਫ 2 ਕੇਸ ਸੀ ਜਿਨ੍ਹਾਂ ਵਿਚੋਂ ਇਕ ਔਰਤ ਦੀ ਪਟਿਆਲੇ ਮੌਤ ਹੋਈ ਪਰ ਕਿੰਨੇ ਹੀ ਜਿਲ੍ਹੇ ਅਜਿਹੇ ਵੀ ਹਨ ਜਿਨ੍ਹਾਂ ਵਿਚ ਕੋਈ ਵੀ ਕੇਸ ਨਹੀਂ ਮੇਰੇ ਅਨੁਸਾਰ ਤਾਂ ਇਹ ਇਕ ਸੁਭਾਗ ਹੈ ਕਿ ਦੱਖਣੀ-ਪੱਛਮੀ ਜ਼ਿਲਿਆਂ ਵਿਚ ਕੋਈ ਵੀ ਕੇਸ ਨਹੀਂ।

ਬਠਿੰਡਾ, ਫਰੀਦਕੋਟ, ਮੁਕਤਸਰ, ਮਾਨਸਾ, ਬਰਨਾਲਾ, ਸੰਗਰੂਰ ਤੇ ਗੁਰਦਾਸਪੁਰ ਜਿਲ੍ਹੇ ਇਸ ਵਾਇਰਸ ਤੋਂ ਬਚੇ ਹੋਏ ਹਨ ਤੇ ਮੇਰੀ ਪ੍ਰਮਾਤਮਾ ਅੱਗੇ ਅਰਦਾਸ ਹੈ ਕਿ ਇਹ ਇਸ ਭਿਆਨਕ ਬਿਮਾਰੀ ਤੋਂ ਬਚੇ ਰਹਿਣ ਪਰ ਇਸਦੇ ਨਾਲ ਹੀ ਕੁਝ ਲੋਕ ਬਿਨਾਂ ਕਿਸੇ ਜਾਣਕਾਰੀ ਤੋਂ ਇਹ ਗੱਲ ਉਸਾਰ ਰਹੇ ਹਨ ਕਿ ਇਸ ਵਾਇਰਸ ਨੂੰ ਫੈਲਾਉਣ ਵਿਚ ਐਨ ਆਰ ਆਈਜ਼ ਦਾ ਵੱਡਾ ਹੱਥ ਹੈ। ਉਨ੍ਹਾਂ ਨੂੰ ਅਜਿਹੇ ਕੂੜ ਦਾ ਪ੍ਰਚਾਰ ਨਹੀਂ ਕਰਨਾ ਚਾਹੀਦਾ। ਇਸ ਨਾਲ ਜਿੱਥੇ ਅਫਵਾਹਾਂ ਫੈਲਦੀਆਂ ਹਨ ਤੇ ਨਾਲ ਦੀ ਨਾਲ ਸਾਡੇ ਸਮਾਜਿਕ ਤਾਣੇ ਬਾਣੇ ਵਿਚ ਵੀ ਵਿਗਾੜ ਪੈਂਦਾ ਹੈ। ਪੰਜਾਬ ਸਰਕਾਰ ਨੇ ਕਰਫਿਊ ਲੋਕਾਂ ਨੂੰ ਦੁਖੀ ਕਰਨ ਦੇ ਮਕਸਦ ਨਾਲ ਨਹੀਂ ਲਗਾਇਆ ਬਲਕਿ ਸਾਡੇ ਭਲੇ ਹਿੱਤ ਹੀ ਲਗਾਇਆ ਹੈ ਪਰ ਇਸ ਦੇ ਬਾਵਜੂਦ ਵੀ ਬਹੁਤ ਸਾਰੇ ਲੋਕ ਕਰਫਿਊ ਪਾਸ ਬਣਾ ਕੇ ਸੜਕਾਂ ਤੇ ਟਹਿਲਦੇ ਫਿਰ ਰਹੇ ਹਨ।

ਕੁਝ ਲੋਕ ਤਾਂ ਸ਼ੁਗਲ ਮੇਲਾ ਵੀ ਕਰ ਰਹੇ ਨੇ ਅਜਿਹਾ ਨਹੀਂ ਕਰਨਾ ਚਾਹੀਦਾ ਕਿਉਂ ਕਿ ਇਹ ਸਾਡੇ ਲਈ ਹੀ ਨੁਕਸਾਨਦੇਹ ਹੈ।

ਏਸੇ ਲਈ ਹੀ ਪ੍ਰਸ਼ਾਸਨ ਨੇ ਹੁਣ ਇਹ ਫੈਸਲਾ ਲਿਆ ਹੈ ਕਿ ਜੇਕਰ ਕੋਈ ਬਿਨ੍ਹਾਂ ਕਿਸੇ ਬਹੁਤ ਜ਼ਰੂਰੀ ਕੰਮ ਤੋਂ ਬਾਹਰ ਫਿਰਦਾ ਹੈ ਤਾਂ ਪੁਲੀਸ ਉਸ ਨੂੰ ਓਪਨ ਜੇਲ ਵਿਚ

ਪਾਵੇਗੀ। ਲੁਧਿਆਣੇ ਵਿਚ ਹੀ ਅਜਿਹੀਆਂ 4 ਜੇਲਾਂ ਬਣਾਈਆਂ ਗਈਆਂ ਹਨ ਬਾਅਦ ਵਿਚ ਸ਼ਰਮਿੰਦੇ ਹੋਣ ਨਾਲੋਂ ਚੰਗਾ ਹੈ ਕਿ ਪਹਿਲਾਂ ਹੀ ਸੁਧਰ ਜਾਈਏ। ਹਾਂ ਜੇਕਰ ਤੁਸੀਂ ਡਾਕਟਰ ਹੋ ਤਾਂ ਆਪਣੀ ਡਿਉਟੀ ਤੇ ਜ਼ਰੂਰ ਜਾਓ ਜੇਕਰ ਕੋਈ ਮਰੀਜ਼ ਹੈ ਤਾਂ ਉਹ ਵੀ ਜ਼ਰੂਰ ਡਾਕਟਰ ਕੋਲ ਜਾਵੇ ਪਰ ਬਿਨ੍ਹਾਂ ਲੋੜ ਤੋਂ  ਬਾਹਰ ਨਾ ਨਿਕਲੀਏ। ਸਾਨੂੰ ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ ਕਿ ਇਹ ਸਾਡੇ ਭਲੇ ਲਈ ਹੈ ਇਸ ਵਿਚ ਅਸੀਂ ਕਿਸੇ ਦਾ ਨਹੀਂ ਬਲਕਿ ਆਪਣਾ ਫਾਇਦਾ ਕਰ ਰਹੇ ਹਾਂ। ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਵੀ ਇਹ ਗੱਲ ਬੜੀ ਵੰਗਾਰ ਕੇ ਕਹੀ ਹੈ ਕਿ ਸਰਬੱਤ ਦਾ ਭਲਾ ਸਿਰਫ਼ ਜੀਭ ਨਾਲ ਮੰਗਣਾ ਬੜਾ ਸੌਖਾ ਹੈ ਪਰ ਨਿਭਉਣ ਵਾਸਤੇ ਸਾਨੂੰ ਸਭ ਨੂੰ ਯੋਗਦਾਨ ਪਾਉਣਾ ਚਾਹੀਦਾ ਹੈ। ਇਹ ਹੌਲੀ ਹੌਲੀ ਇਤਿਹਾਸ ਸਾਨੂੰ ਫਰੋਲ ਕੇ ਦੱਸੇਗਾ ਕਰੋਨਾ ਵਾਇਰਸ ਦਾ ਹਮਲਾ ਮਨੁੱਖਤਾ ਲਈ ਘਾਤਕ ਹਮਲਾ ਹੈ ਇਸ ਵਾਇਰਸ ਦਾ ਪਿੱਛਾ ਕੀ ਹੈ ਪਰ ਹਾਲ ਦੀ ਦੀ ਘੜੀ ਇਸ ਸੰਕਟ ਨੂੰ ਨਿਵਾਰਨ ਲਈ ਸਾਨੂੰ ਆਪਣੇ ਘਰਾਂ ਵਿਚ ਰਹਿਣਾ ਚਾਹੀਦਾ ਹੈ।

ਮਾਹਿਰਾਂ ਵੱਲੋਂ ਜਿਹੜੇ ਸਾਫ ਸਫਾਈ ਦੇ ਤਰੀਕੇ ਸਿਖਾਏ ਗਏ ਨੇ ਉਨ੍ਹਾਂ ਤੇ ਅਮਲ ਕਰਨਾ ਚਾਹੀਦਾ ਹੈ। ਇਕ ਬਹੁਤ ਹੀ ਮਹੱਤਵਪੂਰਨ ਕੰਮ ਅਸੀਂ ਘਰ ਬੈਠੇ ਕਰ ਸਕਦੇ ਹਾਂ ਉਹ ਇਹ ਹੈ ਕਿ ਸਾਡੇ ਪਰਿਵਾਰਕ ਚੌਗਿਰਦੇ ਵਿਚ ਸਾਡੇ ਜਿਹੜੇ ਸਹਿਯੋਗੀ ਕਾਮੇ ਲੋਕ ਹਨ ਜੋ ਸਾਡੇ ਘਰਾਂ, ਵਿਚ ਕਿਸੇ ਵੀ ਤਰ੍ਹਾਂ ਸਾਡੀ ਮਦਦ ਕਰਦੇ ਰਹੇ ਹਨ, ਉਨ੍ਹਾਂ ਨੂੰ ਜ਼ਰੂਰ ਪੁੱਛੋ ਕਿ ਤੁਹਾਨੂੰ ਕਿਸੇ ਰਸਦ ਜਾਂ ਵਸਤ ਦੀ ਜਰੂਰਤ ਤਾਂ ਨਹੀਂ ਹੈ। ਉਸਦੇ ਘਰ ਦਾ ਚੁੱਲ੍ਹਾ ਤਪਦਾ ਹੈ ਜਾਂ ਨਹੀਂ। ਇਸ ਦਾ ਵੀ ਖਿਆਲ ਰੱਖੋ। ਜੇ ਉਸਦੇ ਘਰ ਦਾ ਚੁੱਲ੍ਹਾ ਨਹੀਂ ਤਪਦਾ ਤਾ ਦਸਵੰਧ ਕੱਢੀਏ, ਉਨ੍ਹਾਂ ਦੀ ਮਦਦ ਕਰੀਏ।

ਅਸੀਂ ਦੁੱਖ ਸੁੱਖ ਦੀ ਭਾਈਵਾਲੀ ਏਨੀ ਵਧਾ ਲਈਏ ਕਿ ਘੱਟੋ ਘੱਟ ਇਕ ਪਰਿਵਾਰ ਇਕ ਇਕ ਸਾਥੀ ਸਹਿਯੋਗੀ ਨੂੰ ਸਹਿਯੋਗ ਦੇ ਕੇ ਉਸਦੇ ਦੁੱਖਾਂ ਦਾ ਨਿਵਾਰਨ ਕਰਨ ਦੀ ਕੋਸ਼ਿਸ਼ ਕਰੇ। ਅਸੀਂ ਥੋੜੇ ਨਹੀਂ ਹਾਂ। ਸਾਨੂੰ ਤਕੜੇ ਹੋਣਾ ਚਾਹੀਦਾ ਹੈ ਤੇ ਆਪਣੇ ਅੰਦਰਲੇ ਆਤਮ ਬਲ ਨੂੰ ਮਜਬੂਤ ਕਰਕੇ ਹੀ ਇਸ ਸੰਕਟ ਦੀ ਘੜੀ ਵਿਚ ਮਰਦਾਨਗੀ ਦਾ ਸਬੂਤ ਦੇਣਾ ਚਾਹੀਦਾ ਹੈ। ਇਕ ਦੂਸਰੇ ਵੱਲ ਕੈਰੀਆਂ ਨਜ਼ਰਾਂ ਜਾਂ ਸ਼ੱਕੀ ਨਜ਼ਰਾਂ ਨਾਲ ਦੇਖਣਾ ਸਾਡੀ ਫਿਤਰਤ ਨਹੀਂ ਹੈ। ਇਨਸਾਨੀ ਨਾਤੇ ਸਾਡਾ ਫ਼ਰਜ ਬਣਦਾ ਹੈ ਕਿ ਇਸ ਕਸ਼ਟ ਨੂੰ ਰਲ ਮਿਲ ਕੇ ਨਿਵਾਰੀਏ।

**ਪ੍ਰੋ. ਗੁਰਭਜਨ ਗਿੱਲ**
**ਲੁਧਿਆਣਾ, ਪੰਜਾਬ**
**+919872631199**
**gurbhajansinghgill@gmail.com**

ਲੇਖ

## ਡਾ. ਪ੍ਰਿਥੀਪਾਲ ਸਿੰਘ ਸੋਹੀ



ਡਾ. ਪ੍ਰਿਥੀਪਾਲ ਸਿੰਘ ਸੋਹੀ ਸਰਕਾਰੀ ਕਾਲਜ ਲੁਧਿਆਣਾ ਵਿਖੇ ਰਾਜਨੀਤੀ ਸ਼ਾਸਤਰ ਦੇ ਅਧਿਆਪਕ ਰਹੇ ਹਨ। ਅੱਜ ਕੱਲ੍ਹ ਉਹ ਪਰਿਵਾਰ ਸਮੇਤ ਕੈਨੇਡਾ ਵਿੱਚ ਰਹਿ ਰਹੇ ਹਨ। ਉਹ ਲੇਖਕ ਹਨ, ਚਿੰਤਕ ਹਨ ਤੇ ਖਾਸ ਤੌਰ ਤੇ ਰਾਜਨੀਤਿਕ ਮੁੱਦਿਆਂ ਤੇ ਮਸਲਿਆਂ ਬਾਰੇ ਲਿਖੇ ਉਨ੍ਹਾਂ ਦੇ ਲੇਖਾਂ ਨੇ ਦੇਸ਼ ਵਿਦੇਸ਼ ਵਿੱਚ ਉਨ੍ਹਾਂ ਦੀ ਵੱਖਰੀ ਪਹਿਚਾਣ ਬਣਾਈ ਹੈ। ਪਰਵਾਸ ਦੇ ਹੱਥਲੇ ਅੰਕ ਵਿੱਚ ਛਪਿਆ ਉਨ੍ਹਾਂ ਦਾ ਲੇਖ ਉਨ੍ਹਾਂ ਦੇ ਗਹਿਰ ਗੰਭੀਰ ਚਿੰਤਕ ਹੋਣ ਦੀ ਸ਼ਾਹਦੀ ਭਰਦਾ ਹੈ।

ਅੱਜ ਕਰੋਨਾ ਵਾਇਰਸ ਦਾ ਪ੍ਰਕੋਪ ਜਾਰੀ ਹੈ। ਹਰ ਰੋਜ ਕੋਵਿਡ-19 ਦੇ ਕੇਸਾਂ ਦੀ ਗਿਣਤੀ ਵਧਦੀ ਜਾ ਰਹੀ ਹੈ। ਇਸ ਦੇ ਨਾਲ ਹੀ ਮੌਤਾਂ ਦੀ ਗਿਣਤੀ ਵੀ ਵਧੀ ਜਾ ਰਹੀ ਹੈ। ਖੈਰ ਇਸ ਬਾਰੇ ਅੱਜ ਗੂਗਲ ਅਤੇ ਹੋਰ ਸਾਈਟਾਂ ‘ਤੇ ਹਰ ਮਿੰਟ ਤੇ ਨਵੀਂ ਜਾਣਕਾਰੀ ਆ ਰਹੀ ਹੈ। ਦੁਨੀਆ ਅੱਜ ਕੀ ਹੈ, ਇਹ ਸਭ ਨੂੰ ਦਿਖ ਰਹੀ ਹੈ। ਲੌਕਡਾਊਨ, ਬੇਰੁਜ਼ਗਾਰੀ, ਬੰਦ ਬਿਜਨਸ, ਆਰਥਿਕ ਮੰਦਵਾੜੇ ਦਾ ਡਰ, ਕਰੋਨਾ ਵਾਇਰਸ ਦੀ ਦਵਾਈ ਦਾ ਨਾ ਹੋਣਾ ਅਤੇ ਮੌਤ ਦਾ ਡਰ ਆਦਿ ਸਭ ਲੋਕਾਂ ਨੂੰ ਸਤਾ ਤੇ ਡਰਾ ਰਿਹਾ ਹੈ।

ਹੁਣ ਤੱਕ ਦੁਨੀਆ ਵਿੱਚ ਜਿੰਨੀਆਂ ਵੀ ਮਹਾਂਮਾਰੀਆ ਫੈਲੀਆਂ ਉਨਾਂ ਕਾਰਨ ਵੱਡੀ ਗਿਣਤੀ ਵਿੱਚ ਲੋਕ ਮਰਦੇ ਰਹੇ ਹਨ। ਅੱਜ ਮੈਡੀਕਲ ਸਾਇੰਸ ਨੇ ਬਹੁਤ ਤਰੱਕੀ ਕਰ ਲਈ ਹੈ, ਇਸ ਲਈ ਸੰਭਾਵਨਾ ਹੈ, ਮੌਤਾਂ ਦੀ ਗਿਣਤੀ ਦਾ ਅੰਕੜਾ ਬਹੁਤ ਅਧਿੱਕ ਨਹੀਂ ਹੋਵੇਗਾ। ਅੱਜ ਇਸ ਵਾਇਰਸ ਕਾਰਨ ਹੋਣ ਵਾਲੀਆਂ ਮੌਤਾਂ ਦੀ ਔਸਤਨ ਦਰ 4-5 ਪਰਸੈਂਟ ਤੱਕ ਹੀ ਹੈ। ਆਉਣ ਵਾਲੇ ਦਿਨਾਂ ਵਿੱਚ ਇਹ ਹੋਰ ਵੀ ਘੱਟ ਸਕਦੀ ਹੈ। ਬਾਕੀ ਇਸ ਦੇ ਡਰ ਕਾਰਨ ਵੀ ਇਨੇਂ ਕੁ ਲੋਕਾਂ ਨੇ ਹੋਰ ਮਰ ਜਾਣਾ ਹੈ। ਮਹਾਂਮਾਰੀਆਂ ਪਹਿਲਾਂ ਵੀ ਆਉਂਦੀਆਂ ਰਹੀਆਂ ਹਨ ਅਤੇ ਵੱਡੀ ਗਿਣਤੀ ਵਿੱਚ ਲੋਕ ਮਰਦੇ ਰਹੇ ਹਨ। ਐਚ. ਆਈ. ਵੀ. ਏਡਜ਼ ਦਾ 2005 ਤੋਂ 2012 ਤੱਕ ਪ੍ਰਕੋਪ ਰਿਹਾ, ਇਸ ਕਾਰਨ 36 ਮਿਲੀਅਨ ਲੋਕਾਂ ਦੀ ਮੌਤ ਹੋਈ।

ਪਹਿਲਾਂ ਹਰ ਸਾਲ 22 ਲੱਖ ਲੋਕ ਇਸ ਕਾਰਨ ਮਰਦੇ ਰਹੇ ਸਨ ਤੇ ਹੁਣ ਵੀ ਔਸਤਨ 7-8 ਲੱਖ ਲੋਕ ਮਰ ਰਹੇ ਹਨ।

1968 ਵਿੱਚ ਫੈਲੇ ਹੌਂਗ ਕੌਂਗ ਫਲੂ ਨੇ 1 ਮਿਲੀਅਨ ਲੋਕਾਂ ਦੀ ਜਾਨ ਲਈ ਸੀ। ਏਸ਼ੀਅਨ ਫਲੂ ਨੇ 1956-58 ਵਿੱਚ ਦੋ ਮਿਲੀਅਨ ਲੋਕ ਮਾਰ ਦਿੱਤੇ ਸਨ। ।918 ਵਿੱਚ ਫਲੂ ਮਹਾਂਮਾਰੀ ਨੇ 20 ਤੋਂ 50 ਮਿਲੀਅਨ ਲੋਕ ਮੌਤ ਦੇ ਘਾਟ ਉਤਾਰ ਦਿੱਤੇ ਸਨ। ਇਹ ਫਲੂ ਪਹਿਲੇ ਅਤੇ ਦੂਜੇ  ਵਿਸ਼ਵ ਯੁੱਧ ਵਾਂਗ ਘਾਤਕ ਰਿਹਾ ਸੀ, ਜਿਨਾਂ ਵਿੱਚ ਕ੍ਰਮਵਾਰ 40 ਅਤੇ 50 ਕੁ ਮਿਲੀਅਨ ਲੋਕ ਮਰੇ ਸਨ। ਇਸ ਨੇ ਦੁਨੀਆ ਦੀ ਇਕ ਤਿਆਈ ਵਸੋਂ ਨੂੰ ਆਪਣੀ ਲਪੇਟ ਵਿੱਚ ਲਿਆ ਸੀ। ਇਸ ਵਿੱਚ ਮੌਤ ਦੀ ਦਰ 10 ਤੋਂ 20 ਪਰਸੈਂਟ ਸੀ। ਪਹਿਲੇ 25 ਹਫਤਿਆਂ ਵਿੱਚ ਹੀ ਇਸ ਨਾਲ 25 ਮਿਲੀਅਨ ਲੋਕ ਮਰ ਗਏ ਸਨ।

19ਵੀਂ ਅਤੇ 20ਵੀਂ ਸਦੀ ਦੇ ਸ਼ੁਰੂ ਵਿੱਚ ਹੈਜ਼ਾ (ਕੋਲਰਾ) ਅਤੇ ਮਲੇਰੀਆ ਲੋਕਾਂ ਨੂੰ ਵੱਡੀ ਗਿਣਤੀ ਵਿੱਚ ਮਾਰਦਾ ਰਿਹਾ ਹੈ। ਹੈਜ਼ੇ ਦੀ ਮਹਾਂਮਾਰੀ ਨੇ 1910-11 ਵਿੱਚ ਅੱਠ ਲੱਖ ਲੋਕਾਂ ਦੀ ਜਾਨ ਲੈ ਲਈ ਸੀ। 1889-90 ਵਿੱਚ ਇਕ ਹੋਰ ਏਸ਼ੀਅਨ ਜਾਂ ਰਸ਼ੀਅਨ ਫਲੂ ਨੇ ਇਕ ਮਿਲੀਅਨ ਲੋਕ ਮਾਰ ਦਿੱਤੇ ਸਨ। 1346-53 ਵਿੱਚ ਪਲੇਗ ਨੇ 75 ਤੋਂ 200 ਮਿਲੀਅਨ ਲੋਕ ਸਦਾ ਦੀ ਨੀਂਦ ਸੁਲਾ ਦਿੱਤੇ ਸਨ, ਉਸ ਸਮੇਂ ਮੈਡੀਕਲ ਸਾਇੰਸ ਹਾਲੇ ਬਹੁਤੀ ਵਿਕਸਤ ਨਹੀਂ ਹੋਈ ਸੀ। ਇਸ ਤੋਂ ਪਹਿਲਾਂ ਵੀ ਚੂਹਿਆਂ ਤੋਂ ਕਈ ਵਾਰ ਪਲੇਗ ਪਈ ਸੀ ਤੇ ਲੱਖਾਂ ਦੀ ਗਿਣਤੀ ਵਿੱਚ ਲੋਕ ਮਰਦੇ ਰਹੇ ਸਨ। ਪਰ ਉਨੀਵੀਂ ਸਦੀ ਵਿੱਚ, 1855 ਵਿੱਚ ਚੀਨ ਤੋਂ ਸ਼ੁਰੂ ਹੋਈ ਪਲੇਗ ਨੇ ਭਾਰਤ ਵਿੱਚ 1900 ਤੱਕ 10 ਮਿਲੀਅਨ ਲੋਕ ਮਾਰ ਦਿੱਤੇ ਸਨ। 1918 ਤੋਂ 1920 ਤੱਕ ਸਪੈਨਿਸ਼ ਫਲੂ ਨੇ 500 ਮਿਲੀਅਨ ਲੋਕਾਂ ਨੂੰ ਆਪਣੇ ਘੇਰੇ ਵਿੱਚ ਲਿਆ ਸੀ ਅਤੇ ਇਸ ਨੇ 50 ਤੋਂ 100 ਮਿਲੀਅਨ ਲੋਕਾਂ ਦੀ ਜਾਨ ਲਈ ਸੀ।

ਸਾਰਸ, ਈਬੋਲਾ, ਜ਼ੀਕਾ ਆਦਿ ਵਾਇਰਸ ਇਸ ਸਦੀ ਵਿੱਚ ਲੋਕਾਂ ਨੂੰ ਪ੍ਰਭਾਵਤ ਕਰਦੇ ਤੇ ਮੌਤ ਦੇ ਮੂੰਹ ਵਿੱਚ ਧਕਦੇ ਰਹੇ ਹਨ। ਇਸ ਕੋਵਿਡ-19 ਨਾਮ ਦੇ ਕਰੋਨਾਵਾਇਰਸ ਦੀ ਸ਼ੁਰੂਆਤ ਚੀਨ ਵਿੱਚ ਹੋਈ, ਪਰ ਉਨਾਂ ਤਕਰੀਬਨ ਤਿੰਨ ਮਹੀਨਿਆਂ ਵਿੱਚ ਇਸ ‘ਤੇ ਕੰਟਰੋਲ ਕਰ ਲਿਆ। ਉਨਾਂ ਦਾ ਸਿਸਟਮ ਬਹੁਤਾ ਸੱਤਾਵਾਦੀ (ਅਥੌਰੀਟੇਰੀਅਨ) ਅਤੇ ਟੋਟੇਲੀਟੇਰੀਅਨ ਹੋਣ ਕਾਰਨ, ਉਹ ਫੈਸਲੇ ਜਲਦ ਕਰ ਅਤੇ ਲਾਗੂ ਕਰ ਸਕਦੇ ਹਨ। ਇਸ ਲਈ ਉਨਾਂ ਲੋਕਾਂ ਨੂੰ ਸਖਤੀ ਨਾਲ ਘਰਾਂ

ਵਿੱਚ ਰੱਖਕੇ, ਮੈਡੀਕਲ ਸਮਾਨ ਜੰਗੀ ਪੱਧਰ ਤੇ ਪੈਦਾ ਕਰਕੇ ਅਤੇ ਨਵੇਂ ਹਸਪਤਾਲ ਜਲਦ ਬਣਾਕੇ ਸਥਿੱਤੀ ਨੂੰ ਸੰਭਾਲ ਲਿਆ। ਪਰ ਵਿਕਸਤ ਖੁੱਲੇ ਜਾਂ ਪੂੰਜੀਵਾਦੀ ਲੋਕਤੰਤਰਾਂ ਵਿੱਚ ਇਸ ਦੀ ਸਥਿਤੀ ਫਿਲਹਾਲ ਬਹੁਤੀ ਵਿਗੜ ਰਹੀ ਹੈ। ਇਸ ਸਮੇਂ ਗਰੀਬ ਨਾਲੋਂ ਅਮੀਰ ਮੁਲਕਾਂ ਦੀ ਸਥਿੱਤੀ ਬਹੁਤ ਮਾੜੀ ਹੈ। ਆਉਣ ਵਾਲੇ ਦਿਨਾਂ ਵਿੱਚ ਗ਼ਰੀਬ ਜਾਂ ਵਿਕਾਸਸ਼ੀਲ ਦੇਸ਼ਾਂ ਦੀ ਹਾਲਤ ਵੀ ਮਾੜੀ ਹੋਣ ਦੀ ਸੰਭਾਵਨਾ ਪ੍ਰਗਟ ਕੀਤੀ ਜਾ ਰਹੀ ਹੈ। ਪਰ ਇਕ ਗੱਲ ਸਾਫ ਹੈ ਕਿ ਬਹੁਤੇ ਵਿਕਸਤ ਦੇਸ਼ਾਂ ਦੀ ਮੈਡੀਕਲ ਵਿਵਸਥਾ ਤੇ ਵੱਡੀਆਂ ਫਰਮਾਸੂਟੀਕਲ ਕੰਪਨੀਆਂ ਦਾ ਕੰਟਰੋਲ ਹੈ ਅਤੇ ਇਨ੍ਹਾਂ ਦੀ ਅਜ਼ਾਰੇਦਾਰੀ ਨੇ ਲੋਕਾਂ ਨੂੰ ਵਿਖਾ ਦਿੱਤਾ ਹੈ ਕਿ ਉਨ੍ਹਾਂ ਦੀ ਸਿਹਤ ਨਾਲੋਂ ਉਨਾਂ ਦਾ ਮੁਨਾਫਾ ਅਧਿੱਕ ਜਰੂਰੀ ਹੈ। ਇਨ੍ਹਾਂ ਕੰਪਨੀਆਂ ਦਾ ਸਰਕਾਰਾਂ, ਰਾਜਨੀਤਕ ਸ਼ਕਤੀ ਅਤੇ ਢਾਂਚਿਆਂ ਤੇ ਪੂਰਾ ਕੰਟਰੋਲ ਹੈ। ਇਨਾਂ ਦੇ ਦਬਾਓ ਹੇਠ ਰਾਸ਼ਟਰਪਤੀ ਟਰੰਪ ਡੀਫੈਂਸ ਪ੍ਰੋਡੁਕਸ਼ਨ ਐਕਟ ਸਮੇਂ ਸਿਰ ਲਾਗੂ ਨਹੀਂ ਸਨ ਕਰ ਸਕੇ। ਹਰ ਲੋੜੀਂਦੀ ਮੈਡੀਕਲ ਸਪਲਾਈ ਦੀ ਕੀਮਤ ਇਨਾਂ ਨੇ ਅੱਜ ਕਈ ਕਈ ਕਈ ਗੁਣਾਂ ਵਧਾ ਦਿੱਤੀ ਹੈ। ਰੀਸਰਚ ਦੇ ਨਾਮ ਤੇ ਸਰਕਾਰਾਂ ਤੋਂ ਹੁਣ ਇਨਾ ਅਰਬਾਂ-ਖਰਬਾਂ ਡਾਲਰ ਬਟੋਰਨਾ ਸ਼ੁਰੂ ਵੀ ਕਰ ਦਿੱਤਾ ਹੈ। ਮੈਡੀਕਲ ਸਮਾਨ ਸਪਲਾਈ ਕਰਨ ਦੇ, ਲੰਬੇ ਸਮੇਂ ਦੇ ਵੱਡੇ ਵੱਡੇ ਸਮਝੋਤੇ ਕੀਤੇ ਜਾ ਰਹੇ ਹਨ। ਆਉਣ ਵਾਲੇ ਦਸ ਵੀਹ ਸਾਲ ਇਨਾਂ ਦੀ ਚਾਂਦੀ ਰਹੇਗੀ। ਇਹ ਵਾਇਰਸ ਕਿਵੇਂ ਪੈਦਾ ਹੋਇਆ, ਕਿਨਾਂ ਚਿਰ ਇਸ ਦਾ ਮਾਰੂ ਪ੍ਰਭਾਵ ਰਹੇਗਾ ਅਤੇ ਕਿਨਾਂ ਚਿਰ ਇਸ ਦੀ ਵੈਕਸੀਨ ਦੀ ਹਰ ਵਿਅਕਤੀ ਨੂੰ ਲੋੜ ਰਹੇਗੀ ਆਦਿ ਇਸ ਦੀ ਖੋਜ ਅਤੇ ਸਲਾਹ ਵੀ ਇਨਾਂ ਹੀ ਕੰਪਨੀਆਂ ਦੇ ਵਿਗਆਨੀਆਂ ਨੇ ਹੀ ਦੇਣੀ ਹੈ। ਦਹਾਕਿਆਂ ਤੱਕ ਇਨਾਂ ਦੀ ਤਿਆਰ ਕੀਤੀ ਵੈਕਸੀਨ ਦੀ ਡੋਜ਼ ਹਰ ਸਾਲ ਲੋਕਾਂ ਨੂੰ ਲਗਦੀ ਰਹੇਗੀ। ਇਸ ਤਰਾਂ ਇਹ ਕੰਪਨੀਆਂ ਲੱਖਾਂ ਅਰਬਾਂ ਡਾਲਰ ਕਮਾਉਂਦੀਆਂ ਰਹਿਣਗੀਆਂ।

ਇਸ ਖਤਰਨਾਕ ਵਾਇਰਸ ਦਾ ਇਕ ਹਾਂ-ਪੱਖੀ ਨਤੀਜਾ ਵੀ ਹੋਵੇਗਾ। ਆਉਣ ਵਾਲੇ ਕਈ ਸਾਲ ਹੁਣ ਨਰਸਾਂ, ਡਾਕਟਰਾਂ ਅਤੇ ਹੋਰ ਮੈਡੀਕਲ ਸਟਾਫ ਦੀ ਬਹੁਤ ਮੰਗ ਰਹੇਗੀ, ਮੈਡੀਕਲ ਸੈਕਟਰ ਵਿੱਚ ਲੱਖਾਂ ਨਵੀਆਂ ਨੌਕਰੀਆਂ ਪੈਦਾ ਹੋਣਗੀਆਂ। ਬਿਲਕੁਲ ਉਸੇ ਤਰਾਂ ਜਿਵੇਂ ਸਤੰਬਰ 2011 ਦੇ ਅੱਤਵਾਦੀ ਹਮਲੇ ਬਾਅਦ ਦੁਨੀਆਂ ਭਰ ਦੀਆਂ ਸਰਹੱਦਾਂ ਅਤੇ ਹਵਾਈ ਅੱਡਿਆਂ ਤੇ ਲੱਖਾਂ ਨੌਕਰੀਆਂ ਸਕਿਓਰਟੀ ਸਟਾਫ ਅਤੇ ਸਕਿਓਰਟੀ ਚੈਕਿੰਗ ਲਈ ਲੋੜੀਂਦੇ ਸਾਜੋ ਸਮਾਨ ਦੀ ਮੰਗ ਪੈਦਾ ਹੋਈ ਸੀ। ਇਹ ਵਾਇਰਸ ਤਾਂ ਖਤਮ ਹੋ ਜਾਵੇਗਾ, ਪਰ ਬਾਅਦ ਵਿੱਚ ਸੰਭਾਵਨਾ

ਹੈ ਹਰ ਏਅਰਪੋਰਟ ਅਤੇ ਹੋਰ ਪ੍ਰਮੁੱਖ ਥਾਵਾਂ ਅਤੇ ਐਂਟਰੀ ਪੁਆਇੰਟਸ ਤੇ ਮੈਡੀਕਲ ਚੈਕਅੱਪ ਦੀਆਂ ਪੱਕੀਆਂ ਪੋਸਟਾਂ ਬਣ ਜਾਣਗੀਆਂ। ਇਸ ਤਰਾਂ ਇਹ ਸੰਕਟ ਬਹੁਤ ਨਵੀਆਂ ਨੌਕਰੀਆਂ ਅਤੇ ਬਿਜਨਸਾਂ ਨੂੰ ਜਨਮ ਦੇਵੇਗਾ। ਹਰ ਦੇਸ਼ ਦਾ ਮੈਡੀਕਲ ਬਜਟ ਕਈ ਕਈ ਗੁਣਾਂ ਵਧ ਜਾਵੇਗਾ।

ਆਉਣ ਵਾਲੇ ਸਮੇਂ ਵਿੱਚ ਲੋਕਾਂ ਦੇ ਦਬਾਓ ਕਾਰਨ ਇਹ ਸੰਭਾਵਨਾ ਵੀ ਵਧਣ ਦੀ ਆਸ ਹੈ ਕਿ ਲੋਕਤੰਤਰੀ ਦੇਸ਼ਾਂ, ਜਿਥੇ ਕਾਰਪੋਰੇਸ਼ਨਾਂ ਦੀ ਅਜ਼ਾਰੇਦਾਰੀ ਕੁੱਝ ਘੱਟ ਹੈ, ਖਾਸ ਤੌਰ ਤੇ ਜਿਥੇ ਯੂਨੀਵਰਸਲ ਮੈਡੀਕਲ ਸਿਸਟਮ ਹੈ ਜਿਵੇਂ ਕੈਨੇਡਾ, ਯੂ. ਕੇ., ਆਸਟਰੇਲੀਆ, ਡੈਨਮਾਰਕ ਅਤੇ ਨਿਊਜ਼ੀਲੈਂਡ ਵਰਗੇ ਦੇਸ਼ਾਂ ਵਿੱਚ ਮੈਡੀਕਲ ਸੇਵਾਵਾਂ, ਦਵਾਈਆਂ ਅਤੇ ਸਾਜੋ ਸਮਾਨ ਤਿਆਰ ਕਰਨ ਵਿੱਚ ਸਰਕਾਰਾਂ ਦਾ ਦਖਲ ਵਧ ਜਾਵੇ, ਜਾਂ ਇਨਾਂ ਦਾ ਸਾਰਾ ਕੰਟਰੋਲ ਹੀ ਪਬਲਿਕ ਹੱਥਾਂ ਵਿੱਚ ਚਲਾ ਜਾਵੇ। ਬਾਕੀ ਦੇਸ਼ਾਂ ਵਿਚ ਵੀ ਉਦਯੋਗਿਕ ਅਜ਼ਾਰੇਦਾਰੀਆਂ ਤੇ ਮੁੜ ਚਰਚਾ ਛਿੜੇਗੀ। ਮਨੁੱਖੀ ਜੀਵਨ ਨਾਲ ਸਬੰਧਤ ਉਦਯੋਗ ਜਿਵੇਂ ਮੈਡੀਕਲ, ਫੂਡ, ਐਨਰਜੀ ਅਤੇ ਕਮਿਉਨੀਕੇਸ਼ਨ ਆਦਿ ‘ਤੇ ਸਰਕਾਰੀ ਕੰਟਰੋਲ ਵਧਣ ਜਾਂ ਇਨਾਂ ਦੇ ਰਾਸ਼ਟਰੀਕਰਨ ਦੀ ਸੰਭਾਵਨਾ ਵਧੇਗੀ।

ਅਧੁਨਿਕ ਮੈਡੀਕਲ ਸੇਵਾਵਾਂ ਦੇ ਨਾਲ ਨਾਲ ਹੁਣ ਵਾਤਾਵਰਣ ਚੋਂ ਗਰੀਨ ਗੈਸਾਂ ਘਟਾਕੇ ਲੋਕਾਂ ਨੂੰ ਸ਼ੁੱਧ ਸਾਫ ਹਵਾ ਦੇਣ ਵੱਲ ਵੀ ਧਿਆਨ ਜਾਵੇਗਾ। ਦੁਨੀਆ ਵਿੱਚ ਟਰੰਪਵਾਦੀ ਅਤੇ ਸੱਜੇ ਪੱਖੀ ਸੋਚ ਦੇ ਕਨਸਰਵੇਟਿਵ ਲੀਡਰਾਂ ਨੇ ਵਾਤਾਵਰਣ ਦੇ ਸੰਕਟ ਨੂੰ ਦੂਰ ਕਿਨਾਰੇ ਕਰਕੇ ਆਰਥਕ ਗਤੀ ਨੂੰ ਤੇਜ਼ ਕਰਨ ਦਾ ਰੌਲਾ ਪਾਇਆ ਹੋਇਆ ਸੀ। ਅਮਰੀਕਾ ਤਾਂ ਵਾਤਾਵਰਣ ਦੇ ਪੈਰਿਸ ਸਮਝੌਤੇ ਵਿੱਚੋਂ ਬਾਹਰ ਹੀ ਹੋ ਗਿਆ ਸੀ। ਪਰ ਹੁਣ ਬੰਦੇ ਦੀ ਸਿਹਤ ਜਦੋਂ ਤਰਜ਼ੀਹੀ ਮਸਲਾ ਬਣ ਜਾਏਗੀ ਤਾਂ ਵਾਤਾਵਰਣ ਵਿੱਚ ਪ੍ਰਦੂਸ਼ਣ ਕਾਰਨ ਵੱਧ ਰਹੀ ਤਪਸ਼ ਨੂੰ ਘਟਾਉਣ ਲਈ ਸਾਰੇ ਦੇਸ਼ ਅਤੇ ਸੰਸਥਾਵਾਂ ਜੋਰ ਲਾਉਣਗੀਆਂ। ਇਹ ਇੱਕ ਚੰਗਾ ਰੁਝਾਨ ਹੋਵੇਗਾ। ਲੌਕਡਾਊਨ ਕਾਰਨ ਕੁੱਝ ਦਿਨਾਂ ਵਿੱਚ ਹੀ ਅਸਮਾਨ ਸਾਫ ਤੇ ਸੁੰਦਰ ਬਣਿਆ ਹੈ, ਵਾਤਾਵਰਣ ਚੋਂ ਗਰੀਨ ਗੈਸਾਂ ਦੀ ਮਾਤਰਾ ਘਟੀ ਹੈ। ਹੋ ਸਕਦਾ ਇਸ ਤੋਂ ਸਬਕ ਲੈਕੇ ਸਾਲ ਵਿੱਚ ਕੁੱਝ ਦਿਨ ‘ਟਰੈਫਿਕ ਜਾਮ’ ਵਜੋਂ ਮਨਾਏ ਜਾਣੇ ਸ਼ੁਰੂ ਹੋ ਜਾਣ।

ਪੂੰਜੀਵਾਦੀ ਲੋਕਤੰਤਰੀ ਢਾਂਚਿਆਂ ਵਿੱਚ ਨਵੀਆਂ ਤਬਦੀਲੀਆਂ ਦੀਆਂ ਸੰਭਾਵਨਾਵਾਂ ਉਜਾਗਰ ਹੋਣ ਦੀ ਆਸ ਬਣੇਗੀ। ਇਨਾਂ ਢਾਂਚਿਆਂ ਵਿੱਚ ਹਰ ਵਿਅਕਤੀ ਨੂੰ ਉਸ ਦੁਆਰਾ ਪੈਦਾ ਕੀਤੇ ਉਤਪਾਦਨ ਦੇ ਮੁੱਲ ਦੇ ਹਿਸਾਬ ਨਾਲ ਪੈਸੇ ਦਿਤੇ ਜਾਂਦੇ

ਹਨ। ਪਰ ਅਸਲ ਵਿੱਚ ਹੁਣ ਲੋੜ ਇਹ ਬਣੇਗੀ ਕਿ ਉਸ ਨੂੰ ਉਸ ਦੀ ਮੁੱਢਲੀ ਲੋੜ ਅਨੁਸਾਰ ਪੈਸੇ ਦਿੱਤੇ ਜਾਣ। ਹੁਣ ਇਹ ਇਕ ਸਮਾਜਵਾਦੀ ਸਿਧਾਂਤ ਨਹੀਂ ਸਗੋਂ ਮਨੁੱਖਵਾਦੀ ਸਿਧਾਂਤ ਹੋਵੇਗਾ। ਇਹ ਸੋਚ ਸ਼ੁਰੂ ਹੋਵੇਗੀ ਕਿ ਹਰ ਵਿਅਕਤੀ ਪਾਸ ਇਨੀ ਕੁ ਮਾਇਆ ਜਰੂਰ ਆਉਂਦੀ ਰਹੇ ਕਿ ਉਸ ਦੀ ਕੁੱਲੀ, ਜੁੱਲੀ ਅਤੇ ਗੁੱਲੀ ਦੀ ਲੋੜ ਪੂਰੀ ਹੁੰਦੀ ਰਹੇ। ਕਰੋਨਾ ਵਾਇਰਿਸ ਜਿਨਾ ਲੰਬਾ ਚੱਲੇਗਾ, ਉਨੀਆਂ ਹੀ ਵੱਡੀਆਂ ਆਰਥਕ ਅਤੇ ਰਾਜਨੀਤਕ ਤਬਦੀਲੀਆਂ ਦੀ ਆਸ ਕੀਤੀ ਜਾ ਸਕਦੀ ਹੈ।

ਕਰੋਨਾ ਵਾਇਰਸ ਵਰਗੇ ਵਾਇਰਸਾਂ ਨੂੰ ਭਵਿੱਖ ਵਿੱਚ ਜਲਦ ਕੰਟਰੋਲ ਕਰਨ ਲਈ ਹੁਣੇ ਤੋਂ ਹੀ ਸੋਸ਼ਲ ਡਿਸਟੈਨਸਿੰਗ ਵਰਗੇ ਕੰਮ-ਸਿਧਾਂਤਾਂ 'ਤੇ ਅਮਲ ਸ਼ੁਰੂ ਹੋ ਜਾਵੇਗਾ। ਇਹ ਢੰਗ ਅੱਜ ਤੱਕ ਕਦੇ ਵੀ ਲਾਗੂ ਨਹੀਂ ਸੀ ਕੀਤਾ ਗਿਆ। ਚੀਨ ਦੀ ਸਮਾਜਵਾਦੀ ਸਰਕਾਰ ਨੇ ਇਸ ਨੂੰ ਸਖਤੀ ਨਾਲ ਵੂਹਾਨ ਵਿੱਚ ਲਾਗੂ ਕਰਕੇ, ਇਸ ਦੇ ਸਫਲ ਨਤੀਜੇ ਸਾਹਮਣੇ ਲਿਆਂਦੇ ਹਨ। ਭਵਿੱਖ ਵਿੱਚ ਤਕਨੀਕੀ ਵਿਕਾਸ ਦਾ ਵਧੇਰੇ ਲਾਭ ਲਏ ਜਾਣ ਦੀ ਆਸ ਹੈ। ਬੰਦੇ ਦੀ ਸਰੀਰਕ ਲੇਬਰ ਨਾਲੋਂ ਉਸ ਦੀ ਮਾਨਸਿਕ ਅਤੇ ਤਕਨੀਕੀ ਬੁੱਧੀ ਦੀ ਵਰਤੋਂ ਵਧਾਏ ਜਾਣ ਦੀ ਆਸ ਹੈ। ਔਨਲਾਈਨ ਬਿਜਨਸ ਪਹਿਲਾਂ ਹੀ ਬਹੁਤ ਵੱਧ ਚੁੱਕਿਆ ਹੈ, ਹੁਣ ਇਸ ਦੇ ਹੋਰ ਵੀ ਕਈ ਗੁਣਾਂ ਵਧ ਜਾਣ ਦੀ ਆਸ ਹੈ, ਮਾਈਗਰੇਸ਼ਨ ਜਾਂ ਮਨੁੱਖੀ ਲੇਬਰ ਐਕਸਪੋਰਟ ਕਰਨ ਦਾ ਰੁਝਾਨ ਵੀ ਘਟਣ ਦੀ ਆਸ ਹੈ, ਬਹੁਤਾ ਕੰਮ ਰੋਬੋਟਜ਼ ਤੋਂ ਕਰਾਇਆ ਜਾਵੇਗਾ। ਉਤਪਾਦਨ ਦੀ ਗਤੀ ਜਾਰੀ ਰਹੇਗੀ। ਪਰ ਮਨੁੱਖ ਦੀ ਸਰੀਰਕ ਲੇਬਰ ਦੀ ਲੋੜ ਘੱਟ ਸਕਦੀ ਹੈ। ਇਸ ਦਾ ਅਰਥ ਇਹ ਨਹੀਂ ਕਿ ਬੰਦੇ ਨੂੰ ਕੰਮ ਜਾਂ ਪੈਸੇ ਨਹੀਂ ਮਿਲਣਗੇ। ਮਨੁੱਖੀ ਵਰਤੋਂ ਦਾ ਨਵਾਂ ਮਾਡਲ ਅਤੇ ਨਵਾਂ ਮਾਈਂਡਸੈਟ ਤਿਆਰ ਹੋਵੇਗਾ। ਆਉਣ ਵਾਲੇ ਯੁੱਗ ਵਿੱਚ ਵਧੇਰੇ ਤੰਦਰੁਸਤ ਅਤੇ ਵੱਧ ਇਮਊਨਿਟੀ ਵਾਲੇ ਬੰਦਿਆਂ ਦੀ ਲੋੜ ਮਹਿਸੁਸ ਕੀਤੀ ਜਾਵੇਗੀ। ਬੰਦਿਆਂ ਲਈ ਕੰਮ ਦੇ ਘੰਟੇ ਘਟਾਏ ਜਾ ਸਕਦੇ ਹਨ। ਹੋ ਸਕਦਾ ਉਸ ਤੋਂ ਹਫਤੇ ਵਿਚ ਤਿੰਨ ਦਿਨ ਹੀ ਕੰਮ ਕਰਾਇਆ ਜਾਵੇ। ਉਸ ਦੀਆਂ ਮੁਢਲੀਆਂ ਲੋੜਾਂ ਜਿਨਾਂ ਪੈਸਾ ਯਕੀਨੀ ਬਣਾਇਆ ਜਾਵੇ। ਉਹ ਆਪਣੀ ਮਾਨਸਿਕ ਅਤੇ ਸਰੀਰਕ ਤੰਦਰੁਸਤੀ ਲਈ ਵੱਧ ਸਮਾਂ ਕੱਢ ਸਕੇ। ਮਸ਼ੀਨ ਬਣੇ ਮਨੁੱਖ ਨੂੰ ਹੁਣ ਕਰੋਨਾ ਵਾਇਰਸ ਨੇ ਘਰਾਂ ਵਿੱਚ ਬਿਠਾ ਦਿੱਤਾ ਹੈ, ਉਹ ਆਪਣੇ ਆਪ ਅਤੇ ਆਪਣੇ ਪਰਿਵਾਰ ਨਾਲ ਮਿਲ ਰਿਹਾ ਹੈ। ਉਹ ਸੰਗੀਤ, ਫਿਲਮਾਂ, ਕਿਤਾਬਾਂ ਆਦਿ ਦੇ ਨਜ਼ਦੀਕ ਆ ਰਿਹਾ ਹੈ। ਜੇ ਸਰਕਾਰਾਂ ਜਾਂ ਸਿਸਟਮ ਹਰ ਵਿਅਕਤੀ ਲਈ ਘੱਟੋ ਘੱਟ ਜਰੂਰੀ ਆਮਦਨ ਯਕੀਨੀ ਬਣਾ ਦੇਣ, ਉਸ ਨੂੰ ਵੱਧ ਵਿਹਲ ਦੇਣ ਤਾਂ ਉਹ ਵਧੀਆ ਜੀਵਨ

ਬਤੀਤ ਕਰ ਸਕਦਾ ਹੈ। ਉਸ ਦੀ ਤਨਖਾਹ ਨੂੰ ਉਸ ਦੁਆਰਾ ਪੈਦਾ ਕੀਤੇ ਉਤਪਾਦਨ ਦੇ ਮੁੱਲ ਨਾਲ ਨਹੀਂ ਸਗੋਂ ਵਧੀਆ ਜੀਵਨ ਨਿਰਬਾਹ ਨਾਲ ਜੋੜਿਆ ਜਾਵੇ ਤਾਂ ਵਧੀਆ ਸਮਾਜ ਉਸਰ ਸਕਦਾ ਹੈ। ਵਿਅਕਤੀ ਲਈ ਜਰੂਰੀ ਆਮਦਨ ਸੁਨਿਸ਼ਚਿਤ ਬਨਾਉਣ ਲਈ ਹੁਣ ਵੀ ਕਈ ਦੇਸ਼ਾਂ ਵਿੱਚ ਸਰਵੇ ਹੋ ਰਹੇ ਹਨ। ਕੈਨੇਡਾ ਨੇ ਵੀ ਇਸ ਬਾਰੇ ਯਤਨ ਸ਼ੁਰੂ ਕੀਤੇ ਹਨ।

ਇਸ ਪ੍ਰਕੋਪ ਦਾ ਆਉਣ ਵਾਲੇ ਸਮੇਂ ਵਿੱਚ ਕੁੱਝ ਨਵਾਂ ਰਾਜਨੀਤਕ ਪ੍ਰਭਾਵ ਵੀ ਪੈ ਸਕਦਾ ਹੈ। ਪਿਛਲੇ ਸਮੇਂ ਵਿੱਚ ਹੁਣ ਤੱਕ ਟਰੰਪਵਾਦੀ ਸੋਚ ਅਤੇ ਸੱਜੇ ਪੱਖੀ ਸੋਚ ਰਾਜਨੀਤਕ ਪਿੜ ਵਿੱਚ ਭਾਰੂ ਹੋ ਰਹੀ ਸੀ। ਧਰਮ ਜਾਂ ਨਸਲ ਦੇ ਅਧਾਰ ਤੇ ਪ੍ਰਚਾਰ ਅਤੇ ਸੱਤਾ ‘ਤੇ ਕਬਜ਼ੇ ਦੀਆਂ ਸਕੀਮਾਂ ਭਾਰੂ ਹੋ ਰਹੀਆਂ ਸਨ। ਸੱਜ਼ੇ ਪੱਖੀ ਕੱਟੜ ਸੋਚ ਨੂੰ ਹੁਣ ਕੁੱਝ ਸੱਟ ਵੱਜ ਸਕਦੀ ਹੈ, ਕੁੱਝ ਸਮੇਂ ਲਈ ਸਾਂਝੀਵਾਲਤਾ ਅਤੇ ਮਨੁੱਖਤਾਵਾਦੀ ਗੱਲਾਂ ਅੱਗੇ ਆ ਸਕਦੀਆਂ ਹਨ। ਧਾਰਮਿਕ ਅਤੇ ਨਸਲੀ ਨਫਰਤ ਨੂੰ ਕੁੱਝ ਠੱਲ ਪੈ ਸਕਦੀ ਹੈ। ਕਾਰਪੋਰੇਸ਼ਨਾਂ ਦੀ ਅਜ਼ਾਰੇਦਰੀ ਵਾਲੇ ਪੂੰਜੀਵਾਦੀ ਢਾਂਚਿਆਂ ਦਾ ਰੂਪ ਲੋਕਤੰਤਰੀ ਸਮਾਜਵਾਦ ਵਾਲਾ ਬਣ ਸਕਦਾ ਹੈ। ਨਵੇਂ ਰਾਜਨੀਤਕ ਸਿਧਾਂਤ ਅਤੇ ਢਾਂਚਿਆਂ ਦੇ ਪੈਦਾ ਹੋਣ ਦੀ ਸੰਭਾਵਨਾ ਬਣਨ ਦੀ ਕਾਫੀ ਆਸ ਕੀਤੀ ਜਾ ਸਕਦੀ ਹੈ।

ਕਰੋਨਾ ਵਾਇਰਸ ਕੋਵਿਡ-19 ਨੇ ਇਕ ਵਾਰ ਤਾਂ ਸ਼ਕਤੀਸ਼ਾਲੀ ਅਤੇ ਮਹਾਂਬਲੀ ਮੁਲਕਾਂ ਨੂੰ ਵੀ ਬੇਬਸ ਕਰ ਦਿੱਤਾ ਹੈ। ਅੱਜ ਕੱਲ ਦੇ ਵਿਗਿਆਨਕ ਯੁੱਗ ਵਿੱਚ ਇਹ ਆਸ ਕੀਤੀ ਜਾ ਸਕਦੀ ਹੈ ਕਿ ਕੁੱਝ ਸਮੇਂ ਵਿੱਚ ਇਸ ਤੇ ਪੂਰਾ ਕੰਟਰੋਲ ਕਰ ਲਿਆ ਜਾਵੇਗਾ, ਪਰ ਇਸ ਬਾਅਦ ਦੁਨੀਆ ਦੇ ਆਰਥਿਕ, ਸਮਾਜਿਕ ਅਤੇ ਰਾਜਨੀਤਕ ਢਾਂਚੇ ਵਿੱਚ ਵਿਆਪਕ ਬਦਲਾਅ ਆਉਣ ਦੀਆਂ ਸੰਭਾਵਨਾਵਾਂ ਹਨ। ਮੈਂ ਕਾਮਨਾ ਕਰਦਾ ਹਾਂ ਕਿ ਜਲਦ ਤੋਂ ਜਲਦ ਇਸ ਨਾਮੁਰਾਦ ਵਾਇਰਸ ਤੋਂ ਲੁਕਾਈ ਨੂੰ ਛੁਟਕਾਰਾ ਮਿਲ ਜਾਵੇ।

**ਡਾ. ਪ੍ਰਿਥੀਪਾਲ ਸਿੰਘ ਸੋਹੀ**
**ਸਰੀ, ਕੈਨੇਡਾ**
**778-384-7308**

ਲੇਖ

# ਮਹਿੰਗੇ ਹਥਿਆਰ ਜਰੂਰੀ ਹਨ ਜਾਂ ਲੋਕਾਂ ਲਈ ਸਿਹਤ ਸਹੂਲਤਾਂ

## ਬਲਵਿੰਦਰ ਸਿੰਘ ਚਾਹਲ


ਬਲਵਿੰਦਰ ਸਿੰਘ ਚਾਹਲ ਇੱਗਲੈਂਡ ਵੱਸਦਾ ਪੰਜਾਬੀ ਲੇਖਕ ਹੈ ਉਸ ਦੀ ਕਵਿਤਾ ਦੇ ਨਾਲ ਨਾਲ ਇਤਿਹਾਸ ਵਿਚ ਵੀ ਡੂੰਘੀ ਦਿਲਚਸਪੀ ਹੈ। ਉਸ ਦੀ ਪੁਸਤਕ ‘ਇਟਲੀ ਵਿਚ ਸਿੱਖ ਫੌਜੀ’ (ਦੂਸਰਾ ਵਿਸ਼ਵ ਯੁੱਧ) ਇਨ੍ਹਾਂ ਦੀ ਖੋਜੀ ਬਿਰਤੀ ਤੇ ਸਿਰੜ ਦਾ ਪ੍ਰਤੱਖ ਪ੍ਰਮਾਣ ਹੈ




ਕੋਰੋਨਾ ਵਾਇਰਸ ਨੇ ਅੱਜ ਸਾਰੀ ਦੁਨੀਆ ਨੂੰ ਸਿਰਫ਼ ਵਖਤ ਹੀ ਨਹੀਂ ਪਾਇਆ ਸਗੋਂ ਸਾਰਾ ਸਿਸਟਮ ਬੁਰੀ ਤਰ੍ਹਾਂ ਹਿਲਾ ਕੇ ਰੱਖ ਦਿੱਤਾ ਹੈ। ਦੁਨੀਆ ਭਰ ਦੀ ਆਰਥਿਕਤਾ ਬਹੁਤ ਬੁਰੀ ਤਰਾਂ ਪ੍ਰਭਾਵਿਤ ਹੋਈ ਹੈ। ਸਮੁੱਚਾ ਵਿਸ਼ਵ ਇਸ ਮਹਾਂਮਾਰੀ ਦੇ ਚੁੰਗਲ ਵਿੱਚ ਫੱਸ ਚੁੱਕਾ ਹੈ। ਵੱਡੇ ਵੱਡੇ ਦੇਸ਼ਾਂ ਦੇ ਹਸਪਤਾਲ ਮਰੀਜ਼ਾਂ ਨਾਲ ਭਰੇ ਪਏ ਹਨ। ਹਸਪਤਾਲਾਂ ਵਿੱਚ ਵੈਂਟੀਲੇਟਰਾਂ ਦੀ ਵੱਡੀ ਘਾਟ ਹੈ, ਇੱਥੋਂ ਤੱਕ ਕਿ ਆਮ ਬੈੱਡਾਂ ਦੀ ਵੀ ਬਹੁਤ ਕਮੀ ਹੈ। ਦੁਨੀਆ ਦੇ ਬਹੁਤ ਸਾਰੇ ਹਸਪਤਾਲਾਂ ਵਿੱਚ ਡਾਕਟਰਾਂ ਦੀ ਸਥਿਤੀ ਬੜੀ ਨਾਜ਼ੁਕ ਬਣੀ ਹੋਈ ਹੈ। ਕਿਉਂਕਿ ਡਾਕਟਰਾਂ ਦੇ ਹੱਥਾਂ ਵਿੱਚ ਮਰੀਜ਼ ਮਰ ਰਹੇ ਹਨ, ਪਰ ਉਹ ਕੁਝ ਵੀ ਕਰਨੋਂ ਅਸਮਰੱਥ ਹਨ। ਕਈ ਵਾਰ ਸੁਣਨ ਵਿੱਚ ਆਇਆ ਹੈ ਕਿ ਕਈ ਵਾਰ ਡਾਕਟਰ ਅਜਿਹੀ ਸਥਿਤੀ ਵਿੱਚ ਆ ਜਾਂਦੇ ਹਨ ਕਿ ਕਿਸ ਮਰੀਜ਼ ਨੂੰ ਬਚਾਉਣ ਲਈ ਵੈਂਟੀਲੇਟਰ ਦਿੱਤਾ ਜਾਵੇ ਤੇ ਕਿਸ ਨੂੰ ਮੌਤ ਦੇ ਮੂੰਹ ਵਿੱਚ ਜਾਣ ਦਿੱਤਾ ਜਾਵੇ। ਸੋ ਡਾਕਟਰ ਵਿਚਾਰੇ ਵੀ ਕੀ ਕਰਨ ਕਿਉਂਕਿ ਡਾਕਟਰ ਸਿਰਫ਼ ਉਹੀ ਉਪਕਰਨ ਜਾਂ ਸਹੂਲਤਾਂ ਵਰਤ ਸਕਦੇ ਹਨ ਜੋ ਉਹਨਾਂ ਨੂੰ ਸਰਕਾਰ ਵੱਲੋਂ ਮੁਹੱਈਆ ਕੀਤੀਆਂ ਜਾਣਗੀਆਂ। ਕੋਰੋਨਾ ਵਾਇਰਸ ਦੀ ਵੱਧਦੀ ਗਿਣਤੀ ਕਾਰਨ ਕਈ ਹੋਰ ਬਹੁਤ ਸਾਰੀਆਂ ਬੀਮਾਰੀਆਂ ਦੇ ਵੀ ਮਰੀਜ਼ ਇਲਾਜ ਖੁਣੋਂ ਮਰ ਰਹੇ ਹਨ। ਕਿਉਂਕਿ ਇਸ ਮਹਾਂਮਾਰੀ ਨੇ ਇੱਕ ਤਾਂ ਦਹਿਸ਼ਤ ਬਹੁਤ ਪਾ ਦਿੱਤੀ ਹੈ ਦੂਸਰਾ ਹੋਰ ਬੀਮਾਰੀ ਵਾਸਤੇ ਕਿਸੇ ਵੀ ਸੋਚਣ ਸਮਝਣ ਦਾ ਸਮਾਂ ਹੀ ਨਹੀਂ ਹੈ। ਹਰ ਪਾਸੇ ਕੋਰੋਨਾ ਕੋਰੋਨਾ ਹੀ ਹੋਈ ਪਈ ਹੈ।

ਉੱਪਰ ਦੱਸੇ ਅਨੁਸਾਰ ਸਿਹਤ ਸਹੂਲਤਾਂ ਦੀ ਘਾਟ ਦਾ ਬੜਾ ਵੱਡਾ ਸਵਾਲ ਪੈਦਾ ਹੋ ਗਿਆ ਹੈ। ਕਿਉਂਕਿ ਮਰੀਜ਼ ਹੀ ਇੰਨੀ ਤੇਜੀ ਨਾਲ ਆ ਰਹੇ ਕਿ ਹਸਪਤਾਲਾਂ

ਦੀ ਸਮਰੱਥਾ ਤੋਂ ਕਿਤੇ ਵੱਧ ਗਿਣਤੀ ਹੈ। ਹੁਣ ਜੇਕਰ ਅਸੀਂ ਇਸ ਗੱਲ ਤੇ ਵਿਚਾਰ ਕਰੀਏ ਕਿ ਦੁਨੀਆ ਦੇ ਸਭ ਦੇਸ਼ਾਂ ਨੇ ਕਿੰਨਾ ਪੈਸਾ ਹੁਣ ਤੱਕ ਤਰ੍ਹਾਂ ਤਰ੍ਹਾਂ ਦੇ ਹਥਿਆਰਾਂ ਉੱਪਰ ਲਗਾਇਆ ਹੈ, ਜੇਕਰ ਉਸਦਾ 5 ਗੁਣਾ ਵੀ ਸਿਹਤ ਸਹੂਲਤਾਂ ਉੱਪਰ ਕੱਟ ਕੇ ਲਾਇਆ ਹੁੰਦਾ ਤਾਂ ਸ਼ਾਇਦ ਹਸਪਤਾਲਾਂ ਦੇ ਹਾਲਾਤ ਕੁਝ ਬਿਹਤਰ ਹੁੰਦੇ। ਬੇਸ਼ੱਕ ਬਹੁਤ ਸਾਰੇ ਦੇਸ਼ਾਂ ਦੀਆਂ ਸਿਹਤ ਸਹੂਲਤਾਂ ਬਹੁਤ ਵਧੀਆ ਦਰਜੇ ਦੀਆਂ ਹਨ, ਪਰ ਕਿਸੇ ਵੀ ਦੇਸ਼ ਨੇ ਕਿਸੇ ਆਫ਼ਤ ਜਾਂ ਮਹਾਂਮਾਰੀ ਲਈ ਕਿਸੇ ਤਰ੍ਹਾਂ ਦੇ ਵਿਸ਼ੇਸ਼ ਯਤਨ ਨਹੀਂ ਕੀਤੇ। ਅਮਰੀਕਾ ਵਰਗਾ ਸਭ ਤੋਂ ਵਿਕਸਤ ਦੇਸ਼ ਦੁਨੀਆ ਭਰ ਲਈ ਹਥਿਆਰ ਬਣਾ ਰਿਹਾ ਹੈ ਪਰ ਉੱਥੋਂ ਦਾ ਮੈਡੀਕਲ ਸਿਸਟਮ ਪੂਰੀ ਤਰ੍ਹਾਂ ਇਲਾਜ ਕਰਵਾਉਣ ਉੱਪਰ ਨਿਰਭਰ ਕਰਦਾ ਹੈ। ਹਰ ਤਰ੍ਹਾਂ ਦਾ ਇਲਾਜ, ਟੈਸਟ ਤੇ ਦਵਾਈਆਂ ਤੁਹਾਨੂੰ ਖੁਦ ਜਾਂ ਤੁਹਾਡੀ ਇੰਸ਼ੋਰੈਂਸ ਨੂੰ ਅਦਾ ਕਰਨਾ ਪੈਂਦਾ ਹੈ।

ਭਾਂਵੇਂ ਕਿ ਯੂਰਪੀ ਮੁਲਕਾਂ ਨੇ ਆਪਣੀਆਂ ਸਰਹੱਦਾਂ ਨੂੰ ਆਪਸ ਵਿੱਚ ਸਾਂਝਾ ਕਰਕੇ ਸੁਰੱਖਿਆ ਦਾ ਖਰਚਾ ਬਹੁਤ ਹੱਦ ਤੱਕ ਘਟਾ ਲਿਆ ਹੈ ਅਤੇ ਆਪਣੇ ਦੇਸ਼ਾਂ ਵਿੱਚ ਬਹੁਤ ਸਾਰੇ ਸਮਾਜਿਕ ਕੰਮਾਂ ਨੂੰ ਪਹਿਲ ਦਿੱਤੀ ਹੈ। ਪਰ ਇਹਨਾਂ ਦੇਸ਼ਾਂ ਦਾ ਅੱਜ ਪੂਰੀ ਤਰ੍ਹਾਂ ਜਲੂਸ ਨਿੱਕਲ ਕੇ ਸਾਹਮਣੇ ਆ ਚੁੱਕਾ ਹੈ। ਵੱਡੇ ਵੱਡੇ ਆਰਥਿਕ ਥੰਮ ਬੁਰੀ ਤਰ੍ਹਾਂ ਗੋਡੇ ਟੇਕ ਚੁੱਕੇ ਹਨ। ਭਾਂਵੇ ਕਿ ਇਹਨਾਂ ਮੁਲਕਾਂ ਵਿੱਚ ਰੱਖਿਆ ਦੇ ਮੁਕਾਬਲੇ ਸਿਹਤ ਸਹੂਲਤਾਂ ਲਈ ਬੱਜਟ ਕਾਫ਼ੀ ਹੱਦ ਤੱਕ ਜਿਆਦਾ ਹਨ। ਫਿਰ ਵੀ ਹਸਪਤਾਲਾਂ ਵਿੱਚ ਸਥਿਤੀ ਬਹੁਤੀ ਸੰਤੁਸ਼ਟੀਜਨਕ ਨਹੀਂ ਹੈ। ਪਰ ਇਸਦੇ ਮੁਕਾਬਲੇ ਭਾਰਤ ਵਿੱਚ ਰੱਖਿਆ ਬਜਟ 471 ਹਜਾਰ ਕਰੋੜ ਅਤੇ ਸਿਹਤ ਸਹੂਲਤਾਂ ਲਈ 69000 ਕਰੋੜ ਰੁਪਏ ਹਨ। ਇਹ ਗੱਲ ਦਰਸਾਉਂਦੀ ਹੈ ਕਿ ਰੱਖਿਆ ਦੇ ਨਾਂ ਤੇ ਕਿੰਨੀ ਵੱਡੀ ਵੱਡੀ ਰਕਮ ਹਰ ਸਾਲ ਖਰਚ ਕੀਤੀ ਜਾ ਰਹੀ ਹੈ। ਜਿਸਨੂੰ ਸੰਭਵ ਤੌਰ ‘ਤੇ ਘਟਾਇਆ ਜਾਵੇ ਅਤੇ ਲੋਕਾਂ ਲਈ ਸਿਹਤ ਸਹੂਲਤਾਂ ਵੱਲ ਉਚੇਚਾ ਧਿਆਨ ਦਿੱਤਾ ਜਾਵੇ।

ਜੋ ਦੇਸ਼ ਅਜੇ ਵੀ ਫੌਜਾਂ, ਹਥਿਆਰਾਂ ਅਤੇ ਸੁਰੱਖਿਆ ਦੇ ਨਾਂ ਹੇਠ ਵੱਡੇ ਬਜਟ ਰਾਂਖਵੇਂ ਰੱਖ ਰਹੇ ਹਨ। ਉਹਨਾਂ ਮੁਲਕਾਂ ਵਿੱਚ ਲੋਕ ਬੇਸ਼ੱਕ ਗਰੀਬੀ ਰੇਖਾ ਤੋਂ ਥੱਲੇ ਰਹਿ ਰਹੇ ਹਨ। ਪਰ ਉੱਥੇ 60 ਤੋਂ 70 ਪ੍ਰਤੀਸ਼ਤ ਬਜਟ ਸਿਰਫ਼ ਫੌਜਾਂ ਲਈ ਹੀ ਹੈ। ਬੇਸ਼ੱਕ ਦੇਸ਼ ਦੀ ਸੁਰੱਖਿਆ ਬਹੁਤ ਜਰੂਰੀ ਹੈ ਪਰ ਕੀ ਦੇਸ਼ ਵਿੱਚ ਰਹਿਣ ਵਾਲੀ ਜਨਤਾ ਦੀ ਸੁਰੱਖਿਆ ਜਰੂਰੀ ਨਹੀਂ। ਜੇਕਰ ਦੇਸ਼ ਦੇ ਲੋਕ ਤੰਦਰੁਸਤ ਨਾ ਰਹਿਣਗੇ ਜਾਂ ਲੋਕ ਬਚਣਗੇ ਹੀ ਨਹੀਂ ਤਾਂ ਫਿਰ ਦੇਸ਼ ਕਿਵੇਂ ਬਚਿਆ ਰਹਿ ਸਕੇਗਾ। ਇਸਨੂੰ ਸਿਰਫ਼

ਭਾਰਤ ਨਾਲ ਹੀ ਲਾ ਕੇ ਨਾ ਦੇਖਿਆ ਜਾਵੇ, ਬਾਕੀ ਸਾਰੇ ਵਿਸ਼ਵ ਦਾ ਇਹੀ ਹਾਲ ਹਾਲ ਹੈ। ਗੁਆਂਢੀ ਮੁਲਕ ਪਾਕਿਸਤਾਨ ਵਿੱਚ ਵੀ ਸਭ ਤੋਂ ਜਿਆਦਾ ਬਜਟ ਸੁਰੱਖਿਆ ਨਾਂ ‘ਤੇ ਫੌਜ ਉੱਪਰ ਖਰਚਿਆ ਜਾਂਦਾ ਹੈ। ਕਿਉਂ ਨਹੀਂ ਕੁਝ ਅਜਿਹਾ ਸੋਚਿਆ ਸਮਝਿਆ ਜਾਂਦਾ ਜਿਸ ਨਾਲ ਲੰਮੀਆਂ ਸਰਹੱਦਾਂ ਉੱਪਰ ਫੌਜ ਦੀ ਲੋੜ ਹੀ ਨਾ ਪਵੇ। ਹਰ ਪਾਸੇ ਦੋਸਤੀ ਦਾ ਮਾਹੌਲ ਸਿਰਜ ਕੇ ਇੱਕ ਨਰੋਏ ਸਮਾਜ ਦੀ ਸਿਰਜਣਾ ਹੋਵੇ, ਇੱਕ ਮਜਬੂਤ ਰਾਸ਼ਟਰ ਹੋਵੇ ਜਿਸਦੇ ਲੋਕ ਹਰ ਤਰ੍ਹਾਂ ਨਿਸਚਿੰਤ ਹੋਣ। ਉਹਨਾਂ ਨੂੰ ਹਸਪਤਾਲਾਂ ਦੇ ਖਰਚੇ ਜਾਂ ਬੁਢਾਪੇ ਲਈ ਪੈਸੇ ਜੋੜਨ ਦੀ ਬਜਾਏ ਤਾਜ਼ਗੀ ਵਾਲੀ ਜ਼ਿੰਦਗੀ ਦਿੱਤੀ ਜਾਵੇ ਤਾਂ ਕੋਰੋਨਾ ਕੀ ਹਰ ਬੀਮਾਰੀ ਨਾਲ ਹੀ ਬੜੀ ਆਸਾਨੀ ਨਾਲ ਲੜਿਆ ਜਾ ਸਕਦਾ ਹੈ।

ਸਮੁੱਚੇ ਵਿਸ਼ਵ ਦੀਆਂ ਸਰਕਾਰਾਂ, ਸਯੁੰਕਤ ਰਾਸ਼ਟਰ ਅਤੇ ਵਿਸ਼ਵ ਸਿਹਤ ਸੰਗਠਨ ਨੂੰ ਇਸ ਪਾਸੇ ਖਾਸ ਧਿਆਨ ਦੇਣ ਦੀ ਖਾਸ ਲੋੜ ਹੈ। ਵਿਸ਼ਵ ਭਰ ਦੇ ਬੁੱਧੀਜੀਵੀ ਲੋਕਾਂ ਨੂੰ ਇੱਕ ਖਾਸ ਰੋਲ ਅਦਾ ਕਰਨ ਦੀ ਲੋੜ ਹੈ। ਟੀ. ਵੀ., ਅਖਬਾਰਾਂ, ਕਿਤਾਬਾਂ ਜਾਂ ਸੋਸ਼ਲ ਮੀਡੀਆ ਦੇ ਮਾਧਿਅਮ ਰਾਹੀਂ ਅਜਿਹੀ ਲਹਿਰ ਤੋਰਨ ਦੀ ਲੋੜ ਹੈ ਜਿਸ ਨਾਲ ਲੋਕਾਂ ਵਿੱਚ ਜਾਗਿਰਤੀ ਪੈਦਾ ਹੋਵੇ ਕਿ ਸਾਨੂੰ ਹਥਿਆਰਾਂ, ਟੈਂਕਾਂ, ਲੜਾਕੂ ਜਹਾਜਾਂ ਨਾਲੋਂ ਕਿਤੇ ਜਰੂਰੀ ਸਿਹਤ ਸਹੂਲਤਾਂ ਨੂੰ ਉੱਪਰ ਚੁੱਕਣਾ ਚਾਹੀਦਾ ਹੈ। ਦੁਨੀਆ ਭਰ ਦੇ ਸਮੂਹ ਦੇਸ਼ਾਂ ਦੇ ਆਗੂਆਂ ਨੂੰ ਇਹ ਸੋਚਣ ਲਈ ਮਜਬੂਰ ਕੀਤਾ ਜਾਵੇ ਕਿ ਸਾਨੂੰ ਆਲਮੀ ਜੰਗਾਂ ਤੋਂ ਉੱਪਰ ਆਲਮੀ ਆਫ਼ਤਾਂ ਦਾ ਸਾਹਮਣਾ ਕਰਨ ਬਾਰੇ ਸੋਚਣਾ ਚਾਹੀਦਾ ਹੈ। ਬੀਤੇ ਸਮੇਂ ਤੋਂ ਸਬਕ ਸਿੱਖਣਾ ਚਾਹੀਦਾ ਹੈ ਕਿ ਹੁਣ ਤੱਕ ਜੰਗਾਂ ਯੁੱਧਾਂ ਵਿੱਚ ਸਿਵਾਏ ਤਬਾਹੀ ਦੇ ਹੋਰ ਕੁਝ ਨਹੀਂ ਮਿਲਦਾ ਜਿਸ ਕਰਕੇ ਸਭ ਨੂੰ ਵਿਸ਼ਵ ਸ਼ਾਂਤੀ ਲਈ ਇੱਕਜੁੱਟ ਹੋ ਕੇ ਕੰਮ ਕਰਨਾ ਚਾਹੀਦਾ ਹੈ। ਸ਼ਾਂਤੀ ਹੋਵੇਗੀ ਤਾਂ ਲੋਕਾਂ ਦਾ ਬਹੁਤ ਸਾਰੀਆਂ ਅਲਾਮਤਾਂ ਤੋਂ ਕੁਦਰਤੀ ਬਚਾਅ ਤਾਂ ਹੋਵੇਗਾ ਹੀ ਇਸਦੇ ਨਾਲ ਨਾਲ ਆਮ ਜਨਤਾ ਨੂੰ ਸਾਫ਼ ਸੁਥਰੀ ਤੇ ਤਾਜ਼ੀ ਹਵਾ ਵਿੱਚ ਸਾਹ ਲੈਣਾ ਵੀ ਸੌਖਾ ਹੋਵੇਗਾ। ਆਮ ਲੋਕ ਸਰਹੱਦਾਂ ਜਾਂ ਹਥਿਆਰਾਂ ਦੀ ਬਜਾਏ ਵਿਸ਼ਵ ਸ਼ਾਂਤੀ ਦੀ ਗੱਲ ਕਰਨਗੇ। ਜਿਸ ਵਿੱਚੋਂ ਬਹੁਤ ਸਾਰੇ ਸੁੱਖ ਤੇ ਆਨੰਦ ਮਿਲਣਗੇ।

**ਬਲਵਿੰਦਰ ਸਿੰਘ ਚਾਹਲ**
**ਯੂ. ਕੇ.**
**0044 74910 73808**

ਲੇਖ

# ਉਤਰ ਕਰੋਨਾ ਯੁੱਗ ਦੇ ਨਿਰਮਾਣ ਨੂੰ ਸਮਝਦਿਆਂ

ਅਮਰਜੀਤ ਸਿੰਘ ਗਰੇਵਾਲ



ਅਮਰਜੀਤ ਗਰੇਵਾਲ ਪੰਜਾਬੀ ਸਾਹਿਤ, ਸਮਾਜ ਤੇ ਸਭਿਆਚਾਰ ਦਾ ਚਿੰਤਕ ਹੈ। ਇਹ ਲੰਬੇ ਸਮੇਂ ਤੋਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨਾਲ ਜੁੜੇ ਹੋਏ ਹਨ। ਵੱਖ-ਵੱਖ ਥਾਵਾਂ ਤੋਂ ਪੱਤਰਕਾਰੀ ਤੇ ਪ੍ਰਸਾਸ਼ਨਿਕ ਜਿੰਮੇਵਾਰੀਆਂ ਵੀ ਇਨ੍ਹਾਂ ਨੇ ਬਾਖੂਬੀ ਨਿਭਾਈਆਂ ਹਨ। ਪੰਜਾਬੀ ਕਾਵਿ-ਚਿੰਤਨ ਦੀ ਡੂੰਘੀ ਸੌਝੀ ਰੱਖਣ ਵਾਲੇ ਅਮਰਜੀਤ ਗਰੇਵਾਲ ਕਈ ਕਾਵਿ-ਪੁਸਤਕਾਂ ਵੀ ਪੰਜਾਬੀ ਸਾਹਿਤ ਦੀ ਝੋਲੀ ਪਾ ਚੁੱਕੇ ਹਨ

ਇਕ ਵੱਡੇ ਵਿਦਵਾਨ ਤੋਂ ਲੈਕੇ ਸਾਧਾਰਨ ਰਿਕਸ਼ਾ ਚਾਲਕ ਤੱਕ ਸਾਰੇ ਲੋਕ ਇਕੋ ਸੁਆਲ ਕਰ ਰਹੇ ਹਨ ਕਿ ਕਰੋਨਾ ਵਾਇਰਸ ਦੀ ਮਹਾਂਮਾਰੀ ਕਦੋਂ ਰੁਕੇਗੀ। ਲੋਕ ਆਪਣੇ ਕੰਮਾਂ ’ਤੇ ਕਦੋਂ ਵਾਪਸ ਜਾਣਗੇ। ਕੀ ਕਰੋਨਾ ਵਾਇਰਸ ਤੋਂ ਪਹਿਲਾਂ ਵਾਲੇ ਹਾਲਾਤ ਪਰਤਣਗੇ ਵੀ ਜਾਂ ਨਹੀਂ। ਮਹਾਂਮਾਰੀ ਜ਼ਰੂਰ ਰੁਕੇਗੀ। ਲੋਕ ਕੰਮਾਂ-ਕਾਰਾਂ ’ਤੇ ਵੀ ਜਾਣਗੇ। ਪਰ ਦੁਨੀਆਂ ਉਹ ਨਹੀਂ ਰਹੇਗੀ, ਜੋ ਇਸ ਸੰਕਟ ਤੋਂ ਪਹਿਲਾਂ ਹੁੰਦੀ ਸੀ। ਆਰਥਿਕ, ਰਾਜਨੀਤਕ ਅਤੇ ਸਮਾਜਿਕ ਢਾਂਚਾ, ਤਿੰਨੇ ਬਦਲ ਜਾਣਗੇ। ਇਸ ਲੇਖ ਰਾਹੀਂ ਆਪਾਂ ਇਹ ਸਮਝਣ ਦੀ ਕੋਸ਼ਿਸ ਕਰਾਂਗੇ ਕਿ ਦੁਨੀਆਂ ਦੇ ਜਿਸ ਢਾਂਚੇ ਨੂੰ 2008 ਦਾ ਆਰਥਿਕ ਸੰਕਟ ਨਹੀਂ ਬਦਲ ਸਕਿਆ, ਉਸ ਨੂੰ ਇਹ ਵਾਇਰਲ ਇਨਫੈਕਸ਼ਨ ਕਿਵੇਂ ਬਦਲ ਦੇਵੇਗੀ।

ਪਹਿਲੀ ਗੱਲ ਇਹ ਹੈ ਕਿ ਕਰੋਨਾ ਵਾਇਰਸ ਦੁਆਰਾ ਫੈਲਾਈ ਜਾ ਰਹੀ ਬਿਮਾਰੀ ਅਤੇ ਉਸ ਵਿਚੋਂ ਪੈਦਾ ਹੋਣ ਵਾਲਾ ਆਰਥਿਕ ਸੰਕਟ, ਦੋਵੇਂ ਵਿਸ਼ਵ-ਵਿਆਪੀ ਸੰਕਟ ਹਨ। ਇਸ ਲਈ ਇਨ੍ਹਾਂ ਦੇ ਹੱਲ ਵੀ ਵਿਸ਼ਵ-ਵਿਆਪੀ ਸਹਿਯੋਗ ਰਾਹੀਂ ਹੀ ਹੋਣਗੇ। ਇਕਾਂਤਵਾਸ ਵੀ ਜ਼ਰੂਰੀ ਹੈ, ਪਰ ਉਸ ਤੋਂ ਵੀ ਵਧੇਰੇ ਆਵੱਸ਼ਕ ਹੈ ਮੁਲਕਾਂ ਦਾ ਆਪਸੀ ਵਿਸ਼ਵਾਸ। ਸਾਡੇ ਸਾਹਮਣੇ ਵਾਤਾਵਰਣਕ ਬਦਲਾਅ ਅਤੇ ਬੇਰੁਜ਼ਗਾਰੀ ਵਰਗੇ ਹੋਰ ਵੀ ਅਨੇਕਾਂ ਮਸਲੇ ਹਨ, ਜੋ ਕੇਵਲ ਮੁਲਕਾਂ ਦੇ ਆਪਸੀ ਸਹਿਯੋਗ ਅਤੇ ਸਾਂਝੀ ਕਾਰਜ ਯੋਜਨਾ ਰਾਹੀਂ ਹੀ ਹੱਲ ਹੋ ਸਕਦੇ ਹਨ, ਉਨ੍ਹਾਂ ਦੀ ਹਊਮੈਂ ਅਤੇ ਹਵਸ ਰਾਹੀਂ ਨਹੀਂ।

ਮਾਨਵਜਾਤੀ ਨੂੰ ਦਰਪੇਸ਼ ਵਿਸ਼ਵ-ਵਿਆਪੀ ਸਮੱਸਿਆਵਾਂ ਨੂੰ ਇਕੱਲੇ ਰਾਸ਼ਟਰਵਾਦ ਰਾਹੀਂ ਹੱਲ ਨਹੀਂ ਕੀਤਾ ਜਾ ਸਕਦਾ। ਫੇਰ ਵਿਸ਼ਵ-ਵਿਆਪੀ

ਸਮੱਸਿਆਵਾਂ ਦੇ ਹੱਲ ਲਈ ਵਿਭਿੰਨ ਮੁਲਕਾਂ ਦੇ ਸਹਿਯੋਗ ਉਪਰ ਆਧਾਰਿਤ ਵਿਸ਼ਵ ਢਾਂਚਾ ਕਿਹੋ ਜਿਹਾ ਹੋਵੇ, ਇਸ ਬਾਰੇ ਚਰਚਾ ਕਰਨੀ ਜ਼ਰੂਰੀ ਹੈ। ਜੇਕਰ ਆਲਮੀ ਸਿਆਸਤ ਦਾ ਅਰਥ ਆਲਮੀ ਸਰਕਾਰ ਨਹੀਂ ਹੈ ਅਤੇ ਨਾ ਹੀ ਆਲਮੀ ਤਕਨਾਲੋਜੀ ਦੀ ਸਰਬਉੱਚਤਾ ਹੈ, ਤਾਂ ਫੇਰ ਕੌਮੀ ਸਰਕਾਰਾਂ ਦਾ, ਬਿਨਾ ਕਿਸੇ ਇਕ, ਦੋ ਜਾਂ ਤਿੰਨ ਧਿਰਾਂ ਦੀ ਚੌਧਰ ਤੋਂ, ਕਿਵੇਂ ਆਲਮੀਕਰਨ ਕੀਤਾ ਜਾਵੇ, ਇਹ ਸਾਡੇ ਸਮਿਆਂ ਦਾ ਵੱਡਾ ਸਵਾਲ ਹੈ। ਫ਼ੈਸਲੇ ਲੈਣ ਦੇ ਅਮਲ ਨੂੰ ਮਸਨੂਈ ਬੁੱਧੀ, ਬਿਗ ਡੇਟਾ ਐਨਾਲਿਟਕਸ, ਬਹੁਕੌਮੀ ਕਾਰਪੋਰੇਸ਼ਨਾਂ, ਸ਼ਕਤੀਸ਼ਾਲੀ ਮੁਲਕਾਂ ਅਤੇ ਕੌਮੀ-ਰਾਜਾਂ ਦੇ ਸ਼ਕਤੀਸ਼ਾਲੀ ਕੇਂਦਰਾਂ ਦੀ ਚੌਧਰ ਤੋਂ ਬਚਾਉਂਦਿਆਂ ਪਰਿਵਾਰਾਂ ਅਤੇ ਭਾਈਚਾਰਿਆਂ ਤੋਂ ਲੈ ਕੇ ਵਿਸ਼ਵ ਪੱਧਰ ਤੱਕ ਇਸ ਸਭ ਨੂੰ ਕਿਵੇਂ ਜੋੜਨਾ ਹੈ ਜਾਂ ਫੇਰ ਕਿ ਮਨੁੱਖ ਨੂੰ ਮਨਫ਼ੀ ਹੋਣ ਤੋਂ ਕਿਵੇਂ ਬਚਾਉਣਾ ਹੈ, ਇਹ ਬਹੁਤ ਵੱਡਾ ਸੁਆਲ ਹੈ। ਵਿਅਕਤੀਆਂ, ਪਰਿਵਾਰਾਂ, ਭਾਈਚਾਰਿਆਂ ਅਤੇ ਰਾਜਾਂ ਨੂੰ ਵਿਸ਼ਵਾਸ ਵਿਚ ਲਏ ਬਿਨਾ ਸ਼ਕਤੀਸ਼ਾਲੀ ਕੇਂਦਰ ਵੱਲੋਂ ਲਏ ਫ਼ੈਸਲਿਆਂ ਦਾ ਸਿੱਟਾ ਅਸੀਂ ਲੱਖਾਂ ਦੀ ਗਿਣਤੀ ਵਿਚ ਪੈਦਲ ਹੀ ਆਪਣੇ ਘਰਾਂ ਨੂੰ ਪਰਤ ਰਹੇ ਪਰਵਾਸੀ ਮਜ਼ਦੂਰਾਂ ਦੀ ਦੁਰਦਸ਼ਾ ਅਤੇ ਇਨਫੈਕਸ਼ਨ ਦੀ ਵਧੀ ਹੋਈ ਸੰਭਾਵਨਾ ਤੋਂ ਲਗਾ ਸਕਦੇ ਹਾਂ। ਇਸ ਘਟਨਾ ਨੇ 1947 ਦੀ ਯਾਦ ਤਾਜ਼ਾ ਕਰਵਾ ਦਿੱਤੀ।

ਇਸ ਸਭ ਨੂੰ ਕਿਵੇਂ ਜੋੜਨਾ ਹੈ, ਇਸ ਸਵਾਲ ਦਾ ਜਵਾਬ ਵੀ ਸਾਨੂੰ ਇਸ ਮਹਾਂਮਾਰੀ ਦੀ ਪਰਖ-ਪੜਚੋਲ ਵਿਚੋਂ ਹੀ ਪ੍ਰਾਪਤ ਹੋਵੇਗਾ। ਇਹ ਮਹਾਂਮਾਰੀ ਹੀ ਨਵੇਂ ਸੰਸਾਰ ਦੇ ਲੱਛਣਾਂ ਦੀ ਨਿਸ਼ਾਨਦੇਹੀ ਕਰੇਗੀ। ਇਸ ਦਿਸ਼ਾ ਵਿਚ ਪਹਿਲੀ ਦੇਖਣ ਵਾਲੀ ਗੱਲ ਇਹ ਹੈ ਕਿ ਅਮਰੀਕਾ ਅਤੇ ਚੀਨ ਦਰਮਿਆਨ ਚੱਲ ਰਿਹਾ ਤਜ਼ਾਰਤੀ ਯੁੱਧ ਹੁਣ ਦੁਸ਼ਣਬਾਜੀ ਵਿਚ ਤਬਦੀਲ ਹੋ ਗਿਆ ਹੈ ਜਿਸਨੇ ਦੁਨੀਆ ਅੰਦਰ ਬੇਵਿਸ਼ਵਾਸੀ ਦਾ ਮਾਹੌਲ ਪੈਦਾ ਕਰ ਦਿੱਤਾ ਹੈ। ਭਾਵੇਂ ਅਮਰੀਕਾ ਦੇ ਵਿਸ਼ਵ ਸੱਤਾ ਦੀ ਲੀਡਰਸ਼ਿਪ ਤੋਂ ਲਾਂਭੇ ਹੋ ਜਾਣ ਨਾਲ ਚੀਨ ਦਾ ਪ੍ਰਭਾਵ ਵੱਧ ਰਿਹਾ ਹੈ। ਇਕ ਪਾਸੇ ਅਮਰੀਕਾ ਦੀ ਕਰੋਨਾ ਵਾਇਰਸ ਨਾਲ ਲੜਾਈ ਸਿਖਰ ’ਤੇ ਹੈ ਤੇ ਦੂਜੇ ਪਾਸੇ ਚੀਨ ਇਸ ਸੰਕਟ ਉਪਰ ਕਾਬੂ ਪਾ ਕੇ ਆਪਣੀ ਆਰਥਿਕ ਵਿਵਸਥਾ ਨੂੰ ਸੰਭਾਲਣ ਵਿਚ ਲੱਗਿਆ ਹੋਇਆ ਹੈ। ਚੀਨ ਦਾ ਪਲੜਾ ਭਾਰੀ ਹੈ। ਪਰ ਚੀਨ ਨੇ ਸ਼ੁਰੂ ਸ਼ੁਰੂ ਵਿਚ ਇਸ ਬਿਮਾਰੀ ਦੀ ਅਸਲੀਅਤ ਨੂੰ ਛੁਪਾ ਕੇ ਜਿਵੇਂ ਦੁਨੀਆ ਵਿਚ ਫੈਲਣ ਦਿੱਤਾ, ਉਸ ਨੇ ਚੀਨ ਦੇ ਅਕਸ ਨੂੰ ਵੱਡੀ ਠੇਸ ਪੁਚਾਈ ਹੈ। ਇਸੇ ਤਰ੍ਹਾਂ ਟਰੰਪ ਪ੍ਰਸ਼ਾਸਨ ਨੇ ਵੀ ਯੂਰੋਪੀਅਨ ਯੂਨੀਅਨ ਨੂੰ ਦੱਸੇ ਬਿਨਾ ਹੀ ਉੱਥੋਂ ਆਉਣ ਵਾਲੀਆਂ ਉਡਾਣਾਂ ਬੰਦ ਕਰ ਦਿੱਤੀਆਂ ਸਨ। ਅਸੀਂ ਇਹ ਵੀ ਜਾਣਦੇ ਹਾਂ ਕਿ ਮੁਲਕਾਂ ਦੇ ਆਪਸੀ ਸਹਿਯੋਗ ਬਿਨਾ ਕਰੋਨਾ ਵਾਇਰਸ ਦੀ ਮਹਾਂਮਾਰੀ ਉਪਰ ਕਾਬੂ ਨਹੀਂ ਪਾਇਆ ਜਾ ਸਕਦਾ। ਇਸ ਵਾਸਤੇ ਸੰਕਟ ਦੇ ਇਨ੍ਹਾਂ ਵਕਤਾਂ ਵਿਚ ਇਸ ਸੰਸਾਰ ਕੋਲ ਆਪਣੇ ਆਪ ਨੂੰ ਇਕ ਗ਼ੈਰ ਖ਼ੁਦਮੁਖ਼ਤਿਆਰ ਅਤੇ

ਕਿਸੇ ਇਕ ਮੁਲਕ ਦੀ ਚੌਧਰ ਰਹਿਤ ਬਹੁ-ਧਰੁਵੀ ਵਿਸ਼ਵ ਵਿਵਸਥਾ ਦੇ ਰੂਪ ਵਿਚ ਕਿਆਸਣ ਤੋਂ ਬਿਨਾ ਹੋਰ ਕੋਈ ਵਿਕਲਪ ਹੀ ਨਹੀਂ ਰਹਿ ਜਾਂਦਾ।

ਇਹ ਨਹੀਂ ਕਿ ਦੁਨੀਆ ਨੂੰ ਇਸ ਮਹਾਂਮਾਰੀ ਦੀ ਕੋਈ ਭਿਣਕ ਨਹੀਂ ਸੀ। ਬਿਲ ਗੇਟਸ ਨੇ 2015 ਵਿਚ ਹੀ ਇਹ ਚਿਤਾਵਨੀ ਦੇ ਦਿੱਤੀ ਸੀ: ਸ਼ੁਕਰ ਕਰੋ ਕਿ ਇਬੋਲਾ ਪੱਛਮੀ ਅਫ਼ਰੀਕਾ ਵਰਗੇ ਉਨ੍ਹਾਂ ਮੁਲਕਾਂ ਵਿਚ ਹੀ ਫੈਲਿਆ ਜੋ ਦੁਨੀਆ ਦੀ ਸੰਘਣੀ ਆਬਾਦੀ ਵਾਲੇ ਇਲਾਕਿਆਂ ਤੋਂ ਕੱਟੇ ਹੋਏ ਸਨ। ਦੂਸਰੇ ਇਹ ਹਵਾ ਰਾਹੀਂ ਨਹੀਂ, ਤਰਲਾਂ ਰਾਹੀਂ ਫੈਲਣ ਵਾਲੀ ਬਿਮਾਰੀ ਸੀ। ਇਸ ਲਈ ਛੇਤੀ ਸੰਭਾਲੀ ਗਈ। ਅਗਲੀ ਵਾਰ ਜੇਕਰ ਕੋਈ ਹਵਾ ਰਾਹੀਂ ਫੈਲਣ ਵਾਲੀ ਬਿਮਾਰੀ ਆ ਗਈ, ਜਿਸਦੇ ਲੱਛਣ ਵੀ ਪਛੜ ਕੇ ਉਦੋਂ ਤੱਕ ਦਿਖਾਈ ਨਾ ਦੇਣ ਜਦੋਂ ਤੱਕ ਉਸ ਬਿਮਾਰੀ ਦੇ ਮਰੀਜ਼ ਰੇਲ ਗੱਡੀਆਂ ਅਤੇ ਜਹਾਜ਼ਾਂ ਰਾਹੀਂ ਦੁਨੀਆ ਦੇ ਕਈ ਸ਼ਹਿਰ ਘੁੰਮ ਨਾ ਆਏ ਹੋਣ ਤਾਂ ਸੋਚੋ ਕੀ ਹੋਵੇਗਾ ਬਿਲ ਗੇਟਸ ਦਾ ਡਰ ਠੀਕ ਨਿਕਲਿਆ। ਕਰੋਨਾ ਵਾਇਰਸ ਨੇ ਇਹ ਕਹਿਰ ਹੁਣ ਸਾਰੀ ਦੁਨੀਆ ਵਿਚ ਫੈਲਾਇਆ ਹੋਇਆ ਹੈ।

ਅਮਰੀਕਾ ਦੀ ਖ਼ੁਫ਼ੀਆ ਏਜੰਸੀ ਸੀ. ਆਈ. ਏ. ਨੇ ਤਾਂ ਇਸ ਤੋਂ ਵੀ ਪਹਿਲਾਂ 2006 ਵਿਚ ਛਪੀ ਆਪਣੀ ਇਕ ਰਿਪੋਰਟ ਰਾਹੀਂ ਸਪਸ਼ਟ ਕਰ ਦਿੱਤਾ ਸੀ ਕਿ ਇਸ ਤਰ੍ਹਾਂ ਦੀ ਮਹਾਂਮਾਰੀ ਚੀਨ ਅਤੇ ਦੱਖਣ-ਪੂਰਬੀ ਏਸ਼ੀਆ ਤੋਂ ਸ਼ੁਰੂ ਹੋ ਕੇ ਸਾਰੀ ਦੁਨੀਆਂ ਵਿਚ ਫੈਲ ਸਕਦੀ ਹੈ। ਵਿਸ਼ਵ ਬੈਂਕ ਵੀ ਅਜਿਹੀਆਂ ਚਿਤਾਵਨੀਆਂ ਕਈ ਵਾਰ ਦੇ ਚੁੱਕੀ ਹੈ।

ਸਪਸ਼ਟ ਹੈ ਕਿ ਦੁਨੀਆ ਕੋਲ ਜਾਣਕਾਰੀ ਤਾਂ ਸੀ, ਪਰ ਇਸ ਮਹਾਂਮਾਰੀ ਨੂੰ ਰੋਕਣ ਲਈ ਮੁਲਕਾਂ ਕੋਲ ਲੋੜੀਂਦੇ ਸਾਧਨ ਮੌਜੂਦ ਨਹੀਂ ਸਨ। ਅਮਰੀਕਾ ਵਰਗੇ ਵਿਕਸਤ ਮੁਲਕਾਂ ਕੋਲ ਵੀ ਨਹੀਂ। ਭਾਵ ਮੁਲਕਾਂ ਨੇ ਆਪਣੇ ਸਿਹਤ ਪ੍ਰਬੰਧ ਦੇ ਬੁਨਿਆਦੀ ਢਾਂਚੇ ਵੱਲ ਬਣਦਾ ਧਿਆਨ ਨਹੀਂ ਦਿੱਤਾ। ਇਸ ਵਿਸ਼ਵ ਪੱਧਰ ਦੀ ਚੁਣੌਤੀ ਦਾ ਟਾਕਰਾ ਕਰਨ ਲਈ ਵਿਸ਼ਵ ਪੱਧਰ ਦੀ ਰਣਨੀਤੀ ਦੀ ਲੋੜ ਸੀ, ਉਸ ਦੇ ਨਿਰਮਾਣ ਲਈ ਵਿਭਿੰਨ ਮੁਲਕਾਂ ਦਾ ਆਪਸੀ ਅਤੇ ਵਿਸ਼ਵ ਸੰਸਥਾਵਾਂ ਨਾਲ ਸਹਿਯੋਗ ਗ਼ੈਰਹਾਜ਼ਰ ਸੀ। ਡਬਲਯੂ. ਐੱਚ. ਓ. ਵਰਗੀਆਂ ਵਿਸ਼ਵ ਸੰਸਥਾਵਾਂ ਆਪਣੀਆਂ ਕਮਜ਼ੋਰੀਆਂ ਕਾਰਨ ਕੇਂਦਰੀ ਰੋਲ ਨਿਭਾਉਣ ਵਿਚ ਅਸਮਰੱਥ ਸਨ। ਦਰਅਸਲ, ਜਿਸ ਕਿਸਮ ਦੀ ਵਿਸ਼ਵ ਸਿਹਤ ਵਿਵਸਥਾ ਦੇ ਨਿਰਮਾਣ ਦੀ ਲੋੜ ਸੀ, ਉਸ ਵੱਲ ਕਿਸੇ ਦਾ ਧਿਆਨ ਹੀ ਨਹੀਂ ਗਿਆ। ਆਪਣੀ ਆਰਥਿਕ ਅਤੇ ਰਾਜਨੀਤਕ ਸ਼ਕਤੀ ਵਧਾਉਣ ਦੀ ਧੁਨ ਵਿਚ ਅਸੀਂ ਆਪਣੀ ਹੋਂਦ ਹੀ ਖ਼ਤਰੇ ਵਿਚ ਪਾ ਲਈ। ਨਤੀਜੇ ਵਜੋਂ ਇਹ ਕਹਿਣਾ ਗ਼ਲਤ ਨਹੀਂ ਹੋਵੇਗਾ ਕਿ ਕਰੋਨਾ ਵਾਇਰਸ ਦੇ ਫੈਲਣ ਪਿੱਛੇ ਵਿਸ਼ਵ ਸੱਤਾ ਦੀ ਗ਼ੈਰਹਾਜ਼ਰੀ ਪ੍ਰਮੁੱਖ ਵਜ੍ਹਾ ਗਿਣੀ ਜਾਵੇਗੀ।

ਕਰੋਨਾ ਵਾਇਰਸ ਦੀ ਮਹਾਂਮਾਰੀ ਇਕ ਜ਼ਬਰਦਸਤ ਚਿਤਾਵਨੀ ਹੈ ਕਿ ਜੇ ਅਸੀਂ ਵਿਸ਼ਵ ਵਿਵਸਥਾ ਦੇ ਨਿਰਮਾਣ ਰਾਹੀਂ ਵਿਸ਼ਵ ਸਹਿਯੋਗ ਦੀਆਂ ਇਮਾਨਦਾਰ

ਸੰਭਾਵਨਾਵਾਂ ਨਾ ਜਗਾਈਆਂ ਤਾਂ ਸਾਨੂੰ ਇਸ ਤੋਂ ਵੀ ਵੱਡੇ ਖ਼ਤਰਿਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਸ ਲਈ ਮਨੁੱਖ ਜਾਤੀ ਦੀ ਹੋਂਦ ਬਣਾਈ ਰੱਖਣ ਲਈ ਜ਼ਰੂਰੀ ਹੈ ਕਿ ਡੋਨਲਡ ਟਰੰਪ, ਸ਼ੀ ਜਿਨਪਿੰਗ, ਵਲਾਦੀਮੀਰ ਪੂਤਿਨ ਅਤੇ ਨਰਿੰਦਰ ਮੋਦੀ ਵਰਗਿਆਂ ਦੁਆਰਾ ਰਾਸ਼ਟਰਵਾਦੀ ਲੀਹਾਂ ਉਪਰ ਵਿਕਸਤ ਕੀਤੇ ਜਾ ਰਹੇ ਖ਼ੁਦਮੁਖ਼ਤਿਆਰ ਕੌਮੀ-ਰਾਜਾਂ ਦੇ ਸਮਾਨਾਂਤਰ ਇਕ ਗ਼ੈਰ ਖ਼ੁਦਮੁਖ਼ਤਿਆਰ ਵਿਸ਼ਵ ਸੱਤਾ ਦਾ ਵੀ ਨਿਰਮਾਣ ਕੀਤਾ ਜਾਵੇ। ਕਰੋਨਾ ਵਾਇਰਸ ਨੇ ਇਸ ਲੋੜ ਨੂੰ ਉਭਾਰ ਦਿੱਤਾ ਹੈ।

ਦੁਨੀਆ ਆਰਥਿਕ ਮੰਦੀ ਦਾ ਸ਼ਿਕਾਰ ਹੋਣ ਜਾ ਰਹੀ ਹੈ। 2008 ਦੀ ਮੰਦੀ ਦੌਰਾਨ ਏ. ਟੀ. ਐਮਜ਼ ਵਿਚੋਂ ਪੈਸੇ ਨਿਕਲਣੇ ਬੰਦ ਹੋ ਗਏ ਸਨ। ਸਰਕਾਰ ਨੇ ਬੈਂਕਾਂ ਦੀ ਮਦਦ ਕੀਤੀ ਤਾਂ ਮਸ਼ੀਨਾਂ ਵੀ ਚੱਲ ਪਈਆਂ। ਪਰ ਹੁਣ ਤਾਂ ਕਰੋਨਾ ਵਾਇਰਸ ਨੇ ਸਰਕਾਰਾਂ ਦੀ ਸਹਾਇਤਾ ਨਾਲ ਲੋਕਾਂ ਨੂੰ ਘਰਾਂ ਵਿਚ ਹੀ ਕੈਦ ਕਰ ਦਿੱਤਾ ਹੈ। ਉਹ ਕੰਮ ’ਤੇ ਨਹੀਂ ਜਾ ਸਕਦੇ। ਸਾਰਾ ਕਾਰੋਬਾਰ ਠੱਪ ਪਿਆ ਹੈ। ਸਕੂਲ, ਕਾਲਜ, ਯੂਨੀਵਰਸਟੀਆਂ, ਸਭ ਬੰਦ ਹਨ। ਮਲਟੀਪਲੈਕਸ, ਜਿੰਮ, ਸਿਨਮਾ ਹਾਲ ਆਦਿ ਮਨਪ੍ਰਚਾਵੇ ਵਾਲੀਆਂ ਥਾਵਾਂ ਵੀ ਨਹੀਂ ਖੁੱਲ੍ਹ ਰਹੀਆਂ। ਕੋਈ ਆਵਾਜਾਈ ਨਹੀਂ। ਹੋਟਲਾਂ, ਢਾਬਿਆਂ, ਰੇੜ੍ਹੀਆਂ, ਦੁਕਾਨਦਾਰਾਂ, ਠੇਕੇਦਾਰਾਂ, ਸਭ ਦਾ ਕਾਰੋਬਾਰ ਰੁਕ ਗਿਆ ਹੈ। ਬੇਰੁਜ਼ਗਾਰੀ ਨੇ ਬਿਜਲੀ ਦੀ ਰਫ਼ਤਾਰ ਫੜ ਲਈ ਹੈ। ਲੱਗਦਾ ਹੈ ਕਿ ਮਹਾਂਮਾਰੀ ਨੇ ਬੇਰੁਜ਼ਗਾਰੀ ਅਤੇ ਭੁੱਖਮਾਰੀ ਨਾਲ ਯਾਰੀ ਪਾ ਲਈ ਹੈ। ਪਰ ਇਸ ਵਧ ਰਹੀ ਬੇਰੁਜ਼ਗਾਰੀ ਦੇ ਬਾਵਜੂਦ ਸੰਪੂਰਨ ਬੰਦੀ ਦੇ ਮਾਹੌਲ ਵਿਚ ਮੇਰੇ ਨਾਲ ਇਕ ਬੜੀ ਦਿਲਚਸਪ ਘਟਨਾ ਵਾਪਰੀ। ਘੰਟੀ ਵੱਜੀ ਤਾਂ ਮੈਂ ਗੇਟ ’ਤੇ ਜਾ ਕੇ ਦੇਖਿਆ ਕਿ ਕੁਝ ਦਿਨ ਪਹਿਲਾਂ ਐਮੇਜ਼ੋਨ ਨੇ ਅਮਰੀਕਾ ਵਿਚ ਇਕ ਲੱਖ ਨਵੀਆਂ ਨੌਕਰੀਆਂ ਵਾਸਤੇ ਇਸ਼ਤਿਹਾਰ ਦਿੱਤਾ ਹੈ। ਇਸ ਗੱਲ ਤੋਂ ਪਤਾ ਚੱਲਦਾ ਹੈ ਕਿ ਇਸ ਤਾਲਾਬੰਦੀ ਨੇ ਐਮੇਜ਼ੌਨ ਦਾ ਔਨਲਾਈਨ ਤਜ਼ਾਰਤ ਦਾ ਕੰਮ ਬਹੁਤ ਵਧਾ ਦਿੱਤਾ ਹੈ। ਬਹੁਤ ਸਾਰੇ ਲੋਕ ਤਾਂ ਪਹਿਲਾਂ ਵੀ ਐਮੇਜ਼ੌਨ ’ਤੇ ਹੀ ਖਰੀਦੋ-ਫਰੋਖਤ ਕਰਦੇ ਸਨ। ਪਰ ਹੁਣ ਇਸ ਤਾਲਾਬੰਦੀ ਤੋਂ ਬਾਅਦ ਲੱਗਦਾ ਹੈ ਕਿ ਜਿਵੇਂ ਵਾਲਮਾਰਟ ਨੇ ਸੀਅਰਜ਼ ਦਾ ਦਿਵਾਲਾ ਕੱਢ ਦਿੱਤਾ ਸੀ, ਉਸੇ ਤਰ੍ਹਾਂ ਹੁਣ ਐਮੇਜ਼ੌਨ ਦਾ ਔਨਲਾਈਨ ਬਾਜ਼ਾਰ ਵਾਲਮਾਰਟ ਦੇ ਸਟੋਰਾਂ ਦਾ ਦਿਵਾਲਾ ਕੱਢਣ ਦੇ ਰੌਂਅ ਵਿਚ ਹੈ। ਜਦੋਂ ਤੋਂ ਕਰੋਨਾਵਾਇਰਸ ਦਾ ਕਹਿਰ ਸ਼ੁਰੂ ਹੋਇਆ ਹੈ, ਉਦੋਂ ਤੋਂ ਲੈ ਕੇ ਹੁਣ ਤੱਕ ਭਾਰਤ ਵਿਚ ਸੋਸ਼ਲ ਮੀਡੀਆ ਦੇ ਟਰੈਫਿਕ ਵਿਚ ਪੰਜਾਹ ਗੁਣਾ ਵਾਧਾ ਹੋ ਚੁੱਕਿਆ ਹੈ। ਮੂਕ ਕੋਰਸਾਂ ਵਿਚ ਵਧ ਰਹੇ ਦਾਖਲਿਆਂ ਤੋਂ ਪਤਾ ਚੱਲਦਾ ਹੈ ਕਿ ਔਨਲਾਈਨ ਸਿੱਖਿਆ ਪ੍ਰਦਾਨ ਕਰਨ ਵਾਲੀਆਂ ਐੱਮ. ਆਈ. ਟੀ., ਹਾਰਵਰਡ, ਸਟੈਨਫਰਡ, ਪ੍ਰਿੰਸਟਨ ਆਦਿ ਵਰਗੀਆਂ ਕੁਝ ਵੱਡੀਆਂ ਯੂਨੀਵਰਸਿਟੀਆਂ ਛੇਤੀ ਹੀ ਇੱਟਾਂ-ਸੀਮੈਂਟ ਦੇ ਵਿੱਦਿਅਕ ਅਦਾਰਿਆਂ ਨੂੰ

ਜਿੰਦਰੇ ਮਰਵਾ ਕੇ, ਸਿੱਖਿਆ ਦਾ ਸਾਰਾ ਬਿਜ਼ਨਸ ਆਪਣੇ ਹੱਥਾਂ ਵਿਚ ਲੈ ਲੈਣਗੀਆਂ। ਬਿਲਕੁਲ ਉਵੇਂ, ਜਿਵੇਂ ਨੈਟਫਲਿਕਸ ਔਨਲਾਈਨ ਕਲਾਊਡ ਰਾਹੀਂ ਸਾਰੀ ਮਨੋਰੰਜਨ ਸਨਅਤ ਕਾਬੂ ਕਰਨ ਦੇ ਆਹਰ ਵਿਚ ਲੱਗਿਆ ਹੋਇਆ ਹੈ। ਕਰੋਨਾ ਮਹਾਂਮਾਰੀ ਤੋਂ ਬਾਅਦ ਸਿਹਤ ਸੰਭਾਲ ਖੇਤਰ ਦਾ ਔਨਲਈਨ ਹੋ ਜਾਣਾ ਤਾਂ ਲਗਭਗ ਤੈਅ ਹੈ। ਆਈ. ਬੀ. ਐਮ. ਵੈਟਸਨ ਤੋਂ ਇਲਾਵਾ ਹੋਰ ਵੀ ਕਈ ਕੰਪਨੀਆਂ ਇਸ ਮੁਕਾਬਲੇ ਵਿਚ ਵਧ ਚੜ੍ਹ ਕੇ ਹਿੱਸਾ ਲੈ ਰਹੀਆਂ ਹਨ। ਬਹੁਤੇ ਅਰਥਸ਼ਾਸਤਰੀਆਂ ਨੂੰ ਡਰ ਹੈ ਕਿ ਇਸ ਬਿਪਤਾ ਦੇ ਆਉਣ ਨਾਲ ਵਿਸ਼ਵੀਕਰਨ ਦੇ ਪ੍ਰੋਜੈਕਟ ਨੂੰ ਧੱਕਾ ਵੱਜੇਗਾ। ਇਮੀਗਰੇਸ਼ਨ ’ਤੇ ਪਾਬੰਦੀਆਂ ਲੱਗਣ ਦੀ ਸੰਭਾਵਨਾ ਵਧੇਗੀ। ਸਮਝਣ ਵਾਲੀ ਗੱਲ ਇਹ ਹੈ ਕਿ ਜਿਹੜੇ ਮੁਲਕਾਂ ਨੂੰ ਨਿਪੁੰਨ ਕਾਮੇ ਚਾਹੀਦੇ ਹਨ, ਜੇ ਉਨ੍ਹਾਂ ਨੂੰ ਉਹ ਨਹੀਂ ਮਿਲਣਗੇ ਤਾਂ ਉਨ੍ਹਾਂ ਦੇ ਅਰਥਚਾਰਿਆਂ ਨੂੰ ਨੁਕਸਾਨ ਪਹੁੰਚ ਸਕਦਾ ਹੈ। ਇਸ ਲਈ ਜਿਸ ਰਫ਼ਤਾਰ ਨਾਲ ਪਰਵਾਸ ਘਟੇਗੀ, ਉਸੇ ਰਫ਼ਤਾਰ ਨਾਲ ਟੈਲੀਮਾਈਗਰੇਸ਼ਨ ਵਧੇਗੀ। ਟੈਲੀਮਾਈਗਰੇਸ਼ਨ ਨਾਲ ਸਿਰਫ਼ ਇਨ੍ਹਾਂ ਮੁਲਕਾਂ ਲਈ ਨਿਪੁੰਨ ਕਾਮਿਆਂ ਦੀ ਵਿਸ਼ਵ ਮੰਡੀ ਹੀ ਨਹੀਂ ਖੁੱਲ੍ਹੇਗੀ ਸਗੋਂ ਆਪੋ ਆਪਣੇ ਮੁਲਕਾਂ ਵਿਚ ਘਰਾਂ ਤੋਂ ਔਨਲਾਈਨ ਕੰਮ ਕਰ ਰਹੇ ਇਹ ਨਿਪੁੰਨ ਕਾਮੇ ਸਸਤੇ ਭਾਅ ਵੀ ਮਿਲਣਗੇ। ਰੋਬੋਟਾਂ ਅਤੇ ਰੀਮੋਟ ਵਰਕਰਾਂ ਦਾ ਯੁਗ ਆਉਣ ਵਾਲਾ ਹੈ। ਕਾਮਿਆਂ ਦੀ ਭਲਾਈ ਸਬੰਧੀ ਸਾਰੀਆਂ ਜ਼ਿੰਮੇਵਾਰੀਆਂ ਵੀ ਖ਼ਤਮ। ਇਸ ਤਬਦੀਲੀ ਲਈ ਲੋੜੀਂਦੇ ਪਲੈਟਫਾਰਮ ਤਾਂ ਕਦੋਂ ਦੇ ਤਿਆਰ ਹੋ ਕੇ ਵਿਸ਼ਵ ਪੱਧਰ ’ਤੇ ਕਾਮਯਾਬੀ ਨਾਲ ਟੈਸਟ ਵੀ ਹੋ ਚੁੱਕੇ ਹਨ। ਬੱਸ ਇਕ ਸਹੀ ਮੌਕੇ ਦੀ ਤਲਾਸ਼ ਸੀ। ਕਰੋਨਾਵਾਇਰਸ ਨੇ ਉਹ ਮੌਕਾ ਵੀ ਪ੍ਰਦਾਨ ਕਰ ਦਿੱਤਾ ਹੈ। ਮਸ਼ੀਨ ਲਰਨਿੰਗ, ਟੈਲੀਮਾਈਗਰੇਸ਼ਨ, 3-ਡੀ ਪ੍ਰਿੰਟਿੰਗ, ਆਈ. ਓ. ਟੀ. ਅਤੇ ਬਲੌਕ ਚੇਨ ਦੀਆਂ ਤਕਨੀਕਾਂ ਰਲ ਕੇ ਜਿਸ ਚੌਥੀ ਸਨਅਤੀ ਕ੍ਰਾਂਤੀ ਨੂੰ ਅਮਲ ਵਿਚ ਲਿਆ ਰਹੀਆਂ ਹਨ, ਉਸ ਲਈ ਮਾਈਗਰੇਸ਼ਨ ਨਾਲੋਂ ਟੈਲੀਮਾਈਗਰੇਸ਼ਨ ਵਧੇਰੇ ਉਪਯੋਗੀ ਹੈ।

ਨਤੀਜੇ ਵਜੋਂ ਕਲਾਸ ਰੂਮ ਸਿੱਖਿਆ ਨੂੰ ਔਨਲਾਈਨ ਲਰਨਿੰਗ, ਸਿਹਤ ਸੁਰੱਖਿਆ ਨੂੰ ਟੈਲੀਮੈਡੀਸਨ, ਪਰਵਾਸ ਨੂੰ ਰੀਮੋਟ ਵਰਕ ਅਤੇ ਮਨਪਰਚਾਵੇ ਦੇ ਆਧਾਰ ਢਾਂਚੇ ਨੂੰ ਕਲਾਊਡ ਸਹਿਜੇ ਹੀ ਸੰਭਾਲ ਲੈਣਗੇ। ਇਹ ਸਾਰਾ ਕੁਝ ਅਮਲੀ ਤੌਰ ’ਤੇ ਕੇਵਲ ਸਥਾਪਤ ਹੀ ਨਹੀਂ ਹੋ ਚੁੱਕਾ ਸਗੋਂ ਵੱਡੇ ਪੱਧਰ ’ਤੇ ਪੁਰਾਣੇ ਢਾਂਚੇ ਨੂੰ ਤਬਦੀਲ ਵੀ ਕਰ ਰਿਹਾ ਹੈ। ਕਰੋਨਾਵਾਇਰਸ ਦੀ ਮਹਾਂਮਾਰੀ ਤਾਂ ਕੇਵਲ ਉਹ ਆਖ਼ਰੀ ਕਿੱਲ ਹੈ ਜਿਸ ਨੇ ਡਿਜੀਟਲ ਕ੍ਰਾਂਤੀ ਜਾਂ ਔਨਲਾਈਨ ਮੋੜ ਨੂੰ ਉਤਰ-ਕਰੋਨਾ ਵਾਇਰਸ ਯੁਗ ਦੀ ਨਵੀਂ ਦੁਨੀਆ ਵਿਚ ਰੂਪਾਂਤ੍ਰਿਤ ਕਰਨਾ ਹੈ।

ਪ੍ਰੋਫ਼ੈਸਰ ਹਰਾਰੀ ਵਰਗੇ ਬਹੁਤ ਸਾਰੇ ਵਿਦਵਾਨਾਂ ਨੂੰ ਚਿੰਤਾ ਹੈ ਕਿ ਚੀਨ ਅਤੇ ਹੋਰ ਕਈ ਮੁਲਕਾਂ ਨੇ ਕਰੋਨਾਵਾਇਰਸ ਨੂੰ ਕੰਟਰੋਲ ਕਰਨ ਵਾਸਤੇ ਜਿਹੜੀ ਨਿਗਰਾਨ ਤਕਨਾਲੋਜੀ

ਦਾ ਇਸਤੇਮਾਲ ਕੀਤਾ ਹੈ, ਉਹ ਆਮ ਤੌਰ ’ਤੇ ਅੱਤਵਾਦੀਆਂ ਦੀ ਸੂਹ ਕੱਢਣ ਲਈ ਵਰਤੀ ਜਾਂਦੀ ਹੈ, ਇਸ ਲਈ ਖ਼ਤਰਨਾਕ ਸਾਬਤ ਹੋ ਸਕਦੀ ਹੈ। ਇਹ ਵਿਦਵਾਨ ਬਾਖ਼ੂਬੀ ਜਾਣਦੇ ਹਨ ਕਿ ਇਹ ਉਹੋ ਤਕਨਾਲੋਜੀ ਹੈ ਜਿਸ ਰਾਹੀਂ ਲਰਨਿੰਗ ਐਨਾਲਿਟਿਕਸ ਦੇ ਨਾਮ ਹੇਠ ਹਰ ਵਿਦਿਆਰਥੀ ਲਈ ਵਿਅਕਤੀਗਤ ਪੱਧਰ ’ਤੇ ਉਸਦੀ ਸਿੱਖਿਆ ਪ੍ਰਾਪਤ ਕਰਨ ਦੀ ਸਮਰੱਥਾ ਅਤੇ ਸੰਭਾਵਨਾ ਅਨੁਸਾਰ ਉਸ ਵਾਸਤੇ ਸਬਕ ਤਿਆਰ ਕੀਤੇ ਜਾਂਦੇ ਹਨ। ਬਿਜ਼ਨਸ ਐਨਾਲਿਟਿਕਸ ਦੇ ਨਾਮ ਹੇਠ ਉਸ ਦੀ ਸਹਾਇਤਾ ਨਾਲ ਕਾਰਖਾਨੇਦਾਰ ਆਪਣਾ ਮਾਲ ਤਿਆਰ ਕਰਦੇ ਹਨ ਅਤੇ ਵਿਉਪਾਰੀ ਉਸ ਨੂੰ ਵੇਚਦੇ ਹਨ। ਇਸੇ ਤਰ੍ਹਾਂ ਡਾਕਟਰ ਕਿਸੇ ਵੀ ਮਨੁੱਖ ਨੂੰ ਲੱਗਣ ਵਾਲੀ ਬਿਮਾਰੀ ਦਾ ਅਗਾਊਂ ਪਤਾ ਲਗਾ ਲੈਂਦੇ ਹਨ। ਇਹ ਸੈਂਸਰ, ਬਿੱਗ ਡੇਟਾ ਐਨਾਲਿਟਿਕਸ ਅਤੇ ਮਸ਼ੀਨ ਲਰਨਿੰਗ ਦੇ ਸੁਮੇਲ ਦਾ ਚਮਤਕਾਰ ਹੈ।

ਇਹ ਤਕਨਾਲੋਜੀ ਸਿਰਫ਼ ਮਨੁੱਖਾਂ ਅਤੇ ਮਨੁੱਖੀ ਸਮਾਜਾਂ ਦੀ ਜਾਸੂਸੀ ਲਈ ਹੀ ਨਹੀਂ ਵਰਤੀ ਜਾਂਦੀ, ਉਨ੍ਹਾਂ ਦੇ ਵਿਵਹਾਰ ਨੂੰ ਖ਼ਾਸ ਤਰ੍ਹਾਂ ਨਾਲ ਢਾਲਣ ਲਈ ਵੀ ਵਰਤੀ ਜਾਂਦੀ ਹੈ। ਜਦੋਂ ਮਾਨਵ ਵਿਗਿਆਨੀ ਅਤੇ ਸਮਾਜ ਸ਼ਾਸਤਰੀ ਮਨੁੱਖੀ ਅਤੇ ਸਮਾਜਿਕ ਵਿਵਹਾਰ ਨੂੰ ਸਮਝਣ ਲਈ ਇਹੋ ਕੰਮ ਰਵਾਇਤੀ ਢੰਗਾਂ ਨਾਲ ਕਰਦੇ ਸਨ ਤਾਂ ਕਿਸੇ ਨੂੰ ਕੋਈ ਸ਼ਿਕਾਇਤ ਨਹੀਂ ਸੀ। ਨਾ ਹੀ ਇਨ੍ਹਾਂ ਲੋਕਾਂ ਨੂੰ ਸਾਹਿਤਕਾਰਾਂ ਅਤੇ ਕਲਾਕਾਰਾਂ ਤੋਂ ਕੋਈ ਸ਼ਿਕਾਇਤ ਸੀ, ਜੋ ਆਪੋ ਆਪਣੇ ਤਰੀਕਿਆਂ ਨਾਲ ਮਨੁੱਖਾਂ ਅਤੇ ਸਮਾਜਾਂ ਦੇ ਵਿਚਾਰਾਂ ਨੂੰ ਨਿਰਧਾਰਤ ਕਰਨ ਦੀ ਜ਼ਿੰਮੇਵਾਰੀ ਨਿਭਾਉਂਦੇ ਸਨ। ਕਿਤੇ ਇਸ ਲਈ ਤਾਂ ਨਹੀਂ ਕਿ ਨਵੇਂ ਟੂਲਜ਼ ਨਾਲ ਇਹ ਕੰਮ ਬਹੁਤ ਕਾਮਯਾਬੀ ਨਾਲ ਹੋਣ ਲੱਗ ਪਵੇਗਾ। ਗੱਲ ਸਪਸ਼ਟ ਹੈ ਕਿ ਤਕਨਾਲੋਜੀ ਆਪਣੇ ਆਪ ਵਿਚ ਚੇਤਨ ਫ਼ੈਸਲੇ ਲੈਣ ਦੇ ਸਮਰੱਥ ਨਹੀਂ। ਇਸ ਦੇ ਫ਼ੈਸਲੇ ਹਰ ਤਰ੍ਹਾਂ ਚੇਤੰਨ ਮਨੁੱਖ ਦੇ ਟੀਚਿਆਂ ਅਤੇ ਚਾਹਤਾਂ ਉਪਰ ਨਿਰਭਰ ਕਰਨਗੇ। ਫਿਲਮਸਾਜ਼ ਨੇ ਆਪਣੇ ਸਿਨਮੇ ਰਾਹੀਂ ਹਿੰਸਾ ਨੂੰ ਉਤਸ਼ਾਹਿਤ ਕਰਨਾ ਹੈ ਜਾਂ ਮੁਹੱਬਤ ਨੂੰ, ਇਹ ਗੱਲ ਫਿਲਮ ਬਣਾਉਣ ਲਈ ਵਰਤੀ ਜਾਂਦੀ ਤਕਨਾਲੋਜੀ ਉਪਰ ਨਹੀਂ, ਫਿਲਮਸਾਜ਼ ਉਪਰ ਨਿਰਭਰ ਕਰਦੀ ਹੈ। ਖ਼ੈਰ! ਇਹ ਪੁਰਾਣੀ ਬਹਿਸ ਹੈ। ਆਪਾਂ ਆਪਣੇ ਵਿਸ਼ੇ ਵੱਲ ਪਰਤਦੇ ਹੋਏ ਗੱਲ ਸਮੇਟਦੇ ਹਾਂ।

ਸੋ ਉਤਰ-ਕਰੋਨਾ ਯੁਗ ਦੇ ਨਿਰਮਾਣ ਵੱਲ ਵੱਧਦਿਆਂ ਸਾਡਾ ਪਹਿਲਾ ਕਦਮ ਆਪਣੇ ਸਿਹਤ ਸੁਰੱਖਿਆ ਸਿਸਟਮ ਨੂੰ ਮਜ਼ਬੂਤ ਕਰਨਾ ਹੋਵੇਗਾ। ਇਸ ਸਬੰਧੀ ਅਸੀਂ ਹੇਠ ਲਿਖੇ ਨੁਕਤਿਆਂ ਦੀ ਪਛਾਣ ਕੀਤੀ ਹੈ:

1) ਅੰਤਰਰਾਸ਼ਟਰੀ ਸਿਹਤ ਸੰਸਥਾ ਨੂੰ ਮਜ਼ਬੂਤ ਕਰਕੇ ਵਿਭਿੰਨ ਮੁਲਕਾਂ ਦੇ ਆਪਸੀ ਸਹਿਯੋਗ ਨੂੰ ਯਕੀਨੀ ਬਣਾਉਣਾ। ਅਜਿਹੇ ਅਤੇ ਕੁਝ ਹੋਰ ਸਮਾਜ ਸਭਿਆਚਾਰਕ ਉਪਰਾਲਿਆਂ ਰਾਹੀਂ ਗ਼ੈਰ ਖ਼ੁਦਮੁਖ਼ਤਿਆਰ ਵਿਸ਼ਵ ਸੱਤਾ ਦੇ ਨਿਰਮਾਣ ਦੀ ਦਿਸ਼ਾ ਵਿਚ ਅੱਗੇ ਵਧਣਾ।

2) ਜਿਨ੍ਹਾਂ ਮੁਲਕਾਂ ਵਿਚ ਆਪਣੇ ਸਿਹਤ ਸੁਰੱਖਿਆ ਪ੍ਰਬੰਧ ਨੂੰ ਮਜ਼ਬੂਤ ਕਰਨ ਲਈ ਲੋੜੀਂਦੀ ਆਰਥਿਕ ਸਮਰੱਥਾ ਮੌਜੂਦ ਨਹੀਂ, ਉਨ੍ਹਾਂ ਦੀ ਕੌਮਾਂਤਰੀ ਸਿਹਤ ਸੰਸਥਾ (ਆਈ. ਐੱਚ. ਓ.) ਰਾਹੀਂ ਸਹਾਇਤਾ ਕਰਨਾ ਅਮੀਰ ਮੁਲਕਾਂ ਲਈ ਇਸ ਲਈ ਜ਼ਰੂਰੀ ਹੈ ਕਿਉਂਕਿ ਕਰੋਨਾ ਵਾਇਰਸ ਨੇ ਸਾਨੂੰ ਸਿਖਾ ਦਿੱਤਾ ਹੈ ਕਿ ਕੋਈ ਵੀ ਮੁਲਕ ਅਜਿਹੀਆਂ ਲੜਾਈ ਇਕੱਲਿਆਂ ਨਹੀਂ ਲੜ ਸਕਦਾ। ਸਭ ਨੂੰ ਰਲ ਕੇ ਹੀ ਹਿੰਮਤ ਕਰਨੀ ਪੈਣੀ ਹੈ।

3) ਵਿਭਿੰਨ ਮੁਲਕਾਂ ਦੇ ਸਿਹਤ ਸੁਰੱਖਿਆ ਵਸੀਲਿਆਂ ਦਾ, ਵਿਸ਼ਵ ਪੱਧਰ ’ਤੇ ਤਾਲਮੇਲ ਤੇ ਇਕਸੁਰਤਾ ਨਾਲ ਇਮਾਨਦਾਰਾਨਾ ਇਸਤੇਮਾਲ ਕਿਵੇਂ ਕਰਨਾ ਹੈ, ਇਸ ਸਬੰਧੀ ਚੀਨ ਦੇ ਤਜਰਬੇ ਤੋਂ ਸਿੱਖਣ ਦੀ ਲੋੜ ਹੈ। ਅਜਿਹਾ ਕਰਨ ਲਈ ਵਿਸ਼ਵ ਸੰਸਥਾ ਨੂੰ ਇਨ੍ਹਾਂ ਤਿੰਨ ਤਹਿਆਂ ਵਾਲੇ ਕੌਮਾਂਤਰੀ ਟੈਲੀਮੈਡੀਸਨ ਸੈਂਟਰ ਦੀ ਸਥਾਪਨਾ ਕਰਨੀ ਹੋਵੇਗੀ: ਟੈਲੀਮੈਡੀਸਨ ਪਲੇਟਫਾਰਮ ਦੀ ਪਹਿਲੀ ਤਹਿ, ਟੈਲੀਮੈਡੀਸਨ ਕਲਾਊਡ ਦੀ ਦੂਸਰੀ ਤਹਿ ਅਤੇ ਟੈਮੀਮੈਡੀਸਨ ਸਰਵਿਸ ਐਪਲੀਕੇਸ਼ਨ ਦੀ ਤੀਸਰੀ ਤਹਿ। ਇਸ ਕੌਮਾਂਤਰੀ ਕੇਂਦਰ ਦੀ ਸਫ਼ਲਤਾ ਲਈ ਵਿਭਿੰਨ ਮੁਲਕਾਂ, ਸੂਬਿਆਂ ਅਤੇ ਸਥਾਨਕ ਸਰਕਾਰਾਂ ਦੀਆਂ ਸਰਕਾਰੀ ਅਤੇ ਗ਼ੈਰਸਰਕਾਰੀ ਸੰਸਥਾਵਾਂ ਨੂੰ ਕੌਮਾਂਤਰੀ ਸੰਸਥਾਵਾਂ ਅਤੇ ਕਾਰਪੋਰੇਸ਼ਨਾਂ ਨਾਲ ਰਲ ਕੇ ਕੰਮ ਕਰਨਾ ਪੈਣਾ ਹੈ। ਇਹ ਕੋਈ ਮੁਸ਼ਕਿਲ ਕੰਮ ਨਹੀਂ ਕਿਉਂਕਿ ਚੀਨ ਨੇ ਮਹੀਨਿਆਂ ਵਿਚ ਨਹੀਂ, ਹਫ਼ਤਿਆਂ ਵਿਚ ਹੀ ਅਜਿਹਾ ਕਰ ਲਿਆ ਸੀ।

4) ਜਿੰਨੀ ਦੇਰ ਤੱਕ ਦੁਨੀਆ ਦੇ ਹਰ ਵਿਅਕਤੀ ਕੋਲ ਜੀਣ ਥੀਣ ਲਈ ਘਰ, ਸ਼ੁੱਧ ਭੋਜਨ ਅਤੇ ਸਾਫ਼ ਪਾਣੀ ਨਹੀਂ ਹੋਵੇਗਾ, ਉਸ ਦੀ ਜੇਬ ਵਿਚ ਪੈਸੇ ਨਹੀਂ ਹੋਣਗੇ ਅਤੇ ਉਸ ਦਾ ਧਿਆਨ ਰੱਖਣ ਲਈ ਜ਼ਿੰਮੇਵਾਰ ਸਰਕਾਰਾਂ ਅਤੇ ਕਾਨੂੰਨ ਨਹੀਂ ਹੋਣਗੇ, ਓਨੀ ਦੇਰ ਤੱਕ ਇਸ ਧਰਤੀ ਉਪਰ ਵਸਣ ਵਾਲਾ ਕੋਈ ਵੀ ਵਿਅਕਤੀ ਅਤੇ ਉਸ ਦਾ ਪਰਿਵਾਰ, ਭਾਵੇਂ ਉਹ ਕਿੰਨਾ ਵੀ ਸਾਧਨ ਸੰਪੰਨ ਕਿਉਂ ਨਾ ਹੋਵੇ, ਸੁਰੱਖਿਅਤ ਨਹੀਂ ਹੈ। ਅੱਜ ਹਾਈਡਰੋਪੌਨਿਕੇ ਐਰੋਪੌਨਿਕ, ਸੂਰਜੀ ਊਰਜਾ ਅਤੇ ਮੀਂਹ ਦੇ ਪਾਣੀ ਨੂੰ ਸੰਭਾਲਣ ਦੀਆਂ ਤਕਨੀਕਾਂ ਏਨੀਆਂ ਵਿਕਸਤ ਹੋ ਚੁੱਕੀਆਂ ਹਨ ਜਿਨ੍ਹਾਂ ਦਾ ਪੰਜਾਬ ਖੇਤੀਬਾੜੀ ਯੂਨੀਵਰਸਟੀ ਵਰਗੀਆਂ ਸੰਸਥਾਵਾਂ ਨੇ ਮਿਆਰੀਕਰਨ ਵੀ ਕਰ ਲਿਆ ਹੈ। ਇਕ ਘਰ ਵਿਚ ਅਜਿਹੀ ਵਿਵਸਥਾ ਕਰਨ ਉਪਰ ਇਕ ਲੱਖ ਤੋਂ ਘੱਟ ਖ਼ਰਚਾ ਆਉਂਦਾ ਹੈ। ਜੇਕਰ ਸਰਕਾਰੀ ਸਹਾਇਤਾ ਮਿਲ ਜਾਵੇ ਤਾਂ ਹਰ ਘਰ ਆਪਣੇ ਰੋਟੀ ਪਾਣੀ ਦਾ ਘਰ ਵਿਚ ਹੀ ਪ੍ਰਬੰਧ ਕਰ ਸਕਦਾ ਹੈ।

5) ਅਮਰੀਕੀ ਰਾਸ਼ਟਰਪਤੀ ਟਰੰਪ ਨੇ ਜੂਨ 2017 ਵਿਚ ਵਾਤਾਵਰਣਕ ਬਦਲਾਅ ਦੀ ਪੈਰਿਸ ਅਕੌਰਡ ਵਿਚੋਂ ਆਪਣੇ ਮੁਲਕ ਨੂੰ ਬਾਹਰ ਕੱਢ ਕੇ ਦੁਨੀਆ ਨੂੰ ਇਹ ਸੁਨੇਹਾ ਦੇਣ ਦੀ ਕੋਸ਼ਿਸ ਕੀਤੀ ਸੀ ਕਿ ਸਰਬੱਤ ਦੀ ਭਲਾਈ ਨਾਲ ਸਾਡਾ ਕਈ

ਲੈਣਾ ਦੇਣਾ ਨਹੀਂ, ਸਾਡੀ ਦਿਲਚਸਪੀ ਤਾਂ ਕੇਵਲ ਆਪਣੇ ਆਪ ਦੀ ਭਲਾਈ ਵਿਚ ਹੈ, ਉਹ ਸੋਚ ਉਤਰ-ਕਰੋਨਾ ਯੁਗ ਦੀ ਸੋਚ ਨਹੀਂ ਹੋ ਸਕਦੀ। ਜੇਕਰ ਅਮਰੀਕਾ ਨੇ ਆਪਣੀ ਇਹ ਸੋਚ ਨਾ ਬਦਲੀ ਤਾਂ ਉਹ ਅਲੱਗ-ਥਲੱਗ ਹੋ ਕੇ ਕਿਤੇ ਦਾ ਵੀ ਨਹੀਂ ਰਹੇਗਾ। ਇਹ ਸੋਚ ਨਾ ਤਾਂ ਸਾਨੂੰ ਵਾਤਾਵਰਣਕ ਬਦਲਾਅ ਦੇ ਕੁਪ੍ਰਭਾਵਾਂ ਤੋਂ ਬਚਾ ਸਕਦੀ ਹੈ ਅਤੇ ਨਾ ਹੀ ਕਰੋਨਾਵਾਇਰਸ ਦੀ ਮਹਾਂਮਾਰੀ ਤੋਂ। ਸਾਨੂੰ ਰਾਸ਼ਟਰਵਾਦ ਦੀ ਸੌੜੀ ਪਰਿਭਾਸ਼ਾ ਤੋਂ ਉਪਰ ਉਠਣਾ ਪਵੇਗਾ।

6) ਦੂਸਰੇ ਵਿਸ਼ਵ ਯੁੱਧ ਦੇ ਵਿਨਾਸ਼ ਤੋਂ ਬਾਅਦ ਜਦੋਂ ਦੁਨੀਆ ਦੀ ਪੁਨਰ-ਉਸਾਰੀ ਦਾ ਸੁਆਲ ਸਾਹਮਣੇ ਆਇਆ ਤਾਂ ਸਭ ਦੀ ਸਾਂਝੀ ਸੋਚ ਵਿਚੋਂ ਯੂ. ਐੱਨ. ਓ. ਨੇ ਜਨਮ ਲਿਆ। ਇਸ ਸੰਸਥਾ ਦਾ ਪ੍ਰਮੁੱਖ ਉਦੇਸ਼ ਆਉਣ ਵਾਲੇ ਸਮਿਆਂ ਵਿਚ ਕੌਮਾਂਤਰੀ ਝਗੜਿਆਂ (ਕਨਫਲਿਕਟਸ) ਨੂੰ ਰੋਕਣਾ ਸੀ। ਯੂ. ਐੱਨ. ਨੇ ਆਪਣਾ ਰੋਲ ਨਿਭਾਇਆ। ਕੀ ਇਹ ਸੰਸਥਾ ਹੁਣ ਦੁਨੀਆ ਨੂੰ ਕਰੋਨਾ ਵਾਇਰਸ, ਵਾਤਾਵਰਣਕ ਬਦਲਾਅ, ਬੇਰੁਜ਼ਗਾਰੀ ਅਤੇ ਨਾਬਰਾਬਰੀ ਵਰਗੀਆਂ ਨਾਮੁਰਾਦ ਆਫ਼ਤਾਂ ਤੋਂ ਬਚਾ ਸਕਦੀ ਹੈ ਜੇ ਨਹੀਂ, ਤਾਂ ਸਾਨੂੰ ਇਸ ਸੰਸਥਾ ਦੇ ਪੁਨਰ ਨਿਰਮਾਣ ਬਾਰੇ ਸੋਚਣਾ ਚਾਹੀਦਾ ਹੈ। ਦੁਨੀਆ ਸੋਚੇਗੀ ਵੀ ਲਾਜ਼ਮੀ। ਇਨ੍ਹਾਂ ਨਵੀਆਂ ਚੁਣੌਤੀਆਂ ਦੇ ਪਰਿਪੇਖ ਵਿਚ ਯੂ. ਐੱਨ. ਦੇ ਵਿਸਤਾਰ ਲਈ ਇਹ ਸਲਾਹ ਦਿੱਤੀ ਜਾ ਸਕਦੀ ਹੈ ਕਿ ਬਹੁਕੌਮੀ ਬਿਜ਼ਨਸ ਕਾਰਪੋਰੇਸ਼ਨਾਂ ਤੋਂ ਬਾਅਦ ਬਹੁਕੌਮੀ ਭਾਈਚਾਰਿਆਂ ਦੀ ਵਿਕੇਂਦਰੀਕ੍ਰਿਤ, ਬਦਲਣ ਯੋਗ ਅਤੇ ਉਭਰ ਰਹੀ ਆਲਮੀ ਨੈੱਟਵਰਕਿੰਗ ਨੂੰ ਵਿਸ਼ਵੀਕਰਨ ਦੇ ਅਗਲੇ ਪੜਾਅ ਦੇ ਰੂਪ ਵਿਚ ਦੇਖਣ ਦੀ ਲੋੜ ਹੈ। ਇਹ ਵਿਸ਼ਵ ਭਾਈਚਾਰੇ ਆਪਣੀ ਜਨਮ ਭੂਮੀ ਨਾਲ ਜੁੜੇ ਹੋਣ ਦੇ ਨਾਲ ਨਾਲ ਆਪਣੀਆਂ ਕਰਮ ਭੂਮੀਆਂ ਨਾਲ ਵੀ ਬਰਾਬਰ ਹੀ ਜੁੜੇ ਹੁੰਦੇ ਹਨ। ਇਨ੍ਹਾਂ ਦੀ ਸੰਰਚਨਾ ਵਿਚ ਹੀ ਸਰਬੱਤ ਦਾ ਭਲਾ, ਸਰਬਸਾਂਝੀਵਾਲਤਾ ਅਤੇ ਵਿਸ਼ਵ ਸਹਿਯੋਗ ਅੰਕਿਤ ਹੋਏ ਹੁੰਦੇ ਹਨ। ਇਹ ਵੀ ਸੱਚ ਹੈ ਕਿ ਅੱਜ ਹਰ ਭਾਈਚਾਰਾ ਬਹੁਕੌਮੀ ਭਾਈਚਾਰਾ ਹੈ ਅਤੇ ਹਰ ਸਥਾਨ ਬਹੁ-ਭਾਈਚਾਰਕ ਸਥਾਨ। ਕੀ ਇਨ੍ਹਾਂ ਕਾਸਮੋਨੇਸ਼ਨਜ਼ ਨੂੰ ਮਾਨਤਾ ਪ੍ਰਦਾਨ ਕਰਕੇ ਯੂ. ਐੱਨ. ਵਿਵਸਥਾ ਵਿਚ ਸ਼ਾਮਲ ਕੀਤਾ ਜਾ ਸਕਦਾ ਹੈ ਇਸ ਤਰ੍ਹਾਂ ਦੇ ਹੋਰ ਵੀ ਅਨੇਕਾਂ ਮੁੱਦੇ ਹੋਣਗੇ, ਜਿੱਥੋਂ ਇਹ ਚਰਚਾ ਆਰੰਭ ਹੋ ਸਕਦੀ ਹੈ।

**ਅਮਰਜੀਤ ਸਿੰਘ ਗਰੇਵਾਲ**
**ਲੁਧਿਆਣਾ, ਪੰਜਾਬ**
**98761-38523**
**grewal52@gmail.com**

# ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ
# ਲੁਧਿਆਣਾ

## ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ

## ਪਰਵਾਸੀ ਸਾਹਿਤ ਅਧਿਅਨ ਕੇਂਦਰ ਵੱਲੋਂ ਪ੍ਰਕਾਸ਼ਿਤ ਪੁਸਤਕਾਂ















